http://www.cgpi.org

ਆਉਣ ਵਾਲੇ ਇਨਕਲਾਬੀ ਝੱਖੜਾਂ ਲਈ ਤਿਆਰੀ ਕਰੋ

# ਮਜ਼ਦੂਰ ਏਕਤਾ ਲਹਿਰ

ਹਿੰਦੋਸਤਾਨ ਦੀ ਕਮਿਉਨਿਸਟ ਗ਼ਦਰ ਪਾਰਟੀ ਦੀ ਕੇਂਦਰੀ ਕਮੇਟੀ ਦਾ ਅਖ਼ਬਾਰ

ਜਿਲਦ 1, ਅੰਕ 2 | ਮਾਸਕ — ਮੁੱਲ 5 ਰੁ | ਨਵੰਬਰ 2009

## 1984 'ਚ ਸਿੱਖਾਂ ਦੇ ਕਤਲੇਆਮ ਨੂੰ ਕਦੀ ਮੁਆਫ਼ ਨਹੀਂ ਕੀਤਾ ਜਾ ਸਕਦਾ, ਕਦੀ ਭੁਲਾਇਆ ਨਹੀਂ ਜਾ ਸਕਦਾ! ਰਾਜਨੀਤਕ ਅਪਰਾਧਾਂ ਦੇ ਲਈ ਰਾਜਨੀਤਕ ਮੁਕੱਦਮੇ ਤੇ ਸਜ਼ਾ ਦੀ ਜ਼ਰੂਰਤ ਹੈ!

31 ਅਕਤੂਬਰ 1984 ਨੂੰ, ਉਸ ਵੇਲੇ ਦੀ ਪ੍ਰਧਾਨਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਦੇ ਬਾਅਦ, ਦਿੱਲੀ ਤੇ ਦੇਸ਼ ਦੀਆਂ ਹੋਰ ਥਾਵਾਂ 'ਤੇ ਰਾਜ ਵੱਲੋਂ ਅਯੋਜਤ ਸਿੱਖਾਂ ਦੇ ਭਿਆਨਕ ਕਤਲੇਆਮ ਦੇ ਬਾਅਦ 25 ਵਰ੍ਹੇ ਬੀਤ ਚੁੱਕੇ ਹਨ। 1984 ਦੇ ਹੱਤਿਆਕਾਂਡ ਨੂੰ ਅੱਜ ਵੀ ਸਰਕਾਰੀ ਦਸਤਾਵੇਜ਼ਾਂ 'ਚ ਦੰਗਾ ਕਿਹਾ ਜਾਂਦਾ ਹੈ, ਜੋ ਕਿ ਇੱਕ ਪੂਰਾ ਝੂਠ ਹੈ ਅਤੇ ਨਿਆਂ ਦੇ ਮੂੰਹ 'ਤੇ ਇੱਕ ਥੱਪੜ ਹੈ।

ਦਿੱਲੀ 'ਚ ਗੁਰਦੁਆਰਿਆਂ ਵੱਲੋਂ ਚਲਾਏ ਗਏ ਰਾਹਤ ਸ਼ਿਵਰਾਂ 'ਚ ਆਸਰਾ ਲੈਣ ਵਾਲੇ ਲੋਕਾਂ ਨੇ ਵੀ ਇਸ ਗੱਲ ਨੂੰ ਵਾਰ-ਵਾਰ ਦੁਹਰਾਇਆ ਹੈ। ਉਨ੍ਹਾਂ ਨੇ ਵਾਰ-ਵਾਰ ਕਿਹਾ ਹੈ ਕਿ ਉਸ ਕਤਲੇਆਮ ਦੇ ਲਈ ਹਕੂਮਤ ਅਪਰਾਧੀ ਹੈ, ਨਾ ਕਿ ਹਿੰਦੂ ਧਰਮ ਦੇ ਲੋਕ।

ਬਾਕੀ ਸਫਾ 4 'ਤੇ

## ਨਕਸਲਵਾਦ ਨੂੰ ਠੱਲ੍ਹ ਪਾਉਣ ਦੇ ਨਾਂਅ 'ਤੇ ਚਲਾਈ ਜਾ ਰਹੀ ਰਾਜਕੀ ਦਹਿਸ਼ਤਗਰਦੀ ਅਤੇ ਜ਼ਬਰ ਦੀ ਮੁਹਿੰਮ ਦੀ ਨਿਖੇਧੀ ਕਰੋ!

## ਸਰਮਏਦਾਰਾਂ ਵੱਲੋਂ ਜ਼ਮੀਨਾਂ ਹੜੱਪਣ ਦੇ ਖਿਲਾਫ ਅਤੇ ਸੱਭ ਦੀ ਸੁਰੱਖਿਅਤ ਰੋਜ਼ੀ-ਰੋਟੀ ਲਈ ਸੰਘਰਸ਼ ਕਰੋ!

ਕਾਮਰੇਡ ਲਾਲ ਸਿੰਘ, ਮੁੱਖ ਸਕੱਤਰ, ਹਿੰਦੁਸਤਾਨ ਦੀ ਕਮਿਉਨਿਸਟ ਗ਼ਦਰ ਪਾਰਟੀ

ਹਾਲ ਦੇ ਹਫ਼ਤਿਆਂ 'ਚ ਤਰ੍ਹਾਂ-ਤਰ੍ਹਾਂ ਦੇ ਰਾਜਨੀਤਕ ਵਿਅਕਤੀਆਂ ਤੇ ਹਜ਼ਾਰਾਂ ਹੀ ਲੋਕਾਂ ਉੱਤੇ ਰਾਜ ਵੱਲੋਂ ਜਬਰ ਜ਼ੁਲਮ ਬਹੁਤ ਵਧਾ ਦਿੱਤਾ ਗਿਆ ਹੈ। ਇਹ ਸਭ ਨਕਸਲਵਾਦ ਨਾਲ ਲੜਨ ਦੇ ਨਾਂਅ 'ਤੇ ਕੀਤਾ ਜਾ ਰਿਹਾ ਹੈ। ਇੱਕ ਵੀ ਇਸ ਤਰ੍ਹਾਂ ਦਾ ਦਿਨ ਨਹੀਂ ਬੀਤਦਾ ਜਦ ਪ੍ਰਧਾਨਮੰਤਰੀ ਜਾਂ ਗ੍ਰਹਿਮੰਤਰੀ ਜਾਂ ਕੋਈ ਹੋਰ ਅਧਿਕਾਰੀ ਇਹ ਐਲਾਨ ਨਹੀਂ ਕਰਦਾ ਕਿ ਨਕਸਲਵਾਦ ਨੂੰ ਕਿਸੇ ਵੀ ਕੀਮਤ 'ਤੇ ਕੁਚਲ ਦਿੱਤਾ ਜਾਵੇਗਾ। ਹਜ਼ਾਰਾਂ ਦੀ ਸੰਖਿਆ 'ਚ ਕੇਂਦਰੀ ਅਰਧ-ਸੈਨਿਕ ਬਲ ਤਾਇਨਾਤ ਕੀਤੇ ਜਾ ਰਹੇ ਹਨ। ਸੈਨਾ ਤੇ ਹਵਾਈ ਸੈਨਾ ਨੂੰ ਵੱਖ-ਵੱਖ ਧਾਤੂ-ਭਰਪੂਰ ਰਾਜਾਂ ਉੱਤੇ ਵੱਡਾ 'ਨਕਸਲ-ਵਿਰੋਧੀ' ਹਮਲਾ ਕਰਨ ਦੇ ਲਈ ਤਿਆਰ ਕੀਤਾ ਜਾ ਰਿਹਾ ਹੈ। ਹਵਾਈ ਸੈਨਾ ਨੂੰ ਨਾਗਰਿਕ ਨਿਸ਼ਾਨਿਆਂ 'ਤੇ ਗੋਲੀ ਚਲਾਉਣ ਦੀ ਇਜਾਜ਼ਤ ਦਿੱਤੀ ਗਈ ਹੈ ਤੇ ਇਹ ਸ਼ੱਕ ਹੈ ਕਿ ਇਨ੍ਹਾਂ ਇਲਾਕਿਆਂ'ਤੇ 'ਡ੍ਰੋਨ ਬੰਬ' ਸੁੱਟਣ ਦਾ ਇਰਾਦਾ ਵੀ ਹੈ।

ਬਾਕੀ ਸਫਾ 2 'ਤੇ

## ਦਿੱਲੀ ਸਰਕਾਰ ਦੇ ਖਿਲਾਫ ਮਜ਼ਦੂਰਾਂ ਦਾ ਵਿਸ਼ਾਲ ਮੁਜ਼ਾਹਰਾ



ਦੇਖੋ ਸਫਾ 4 ਤੇ



## ਆਪਣੇ ਸਾਥੀ ਦੀ ਮੌਤ ਦੇ ਖਿਲਾਫ ਗੁੜਗਾਵਾਂ ਦੇ ਮਜ਼ਦੂਰਾਂ ਦੀ ਹੜਤਾਲ

ਦੇਖੋ ਸਫਾ 6 ਤੇ

## ਅੰਦਰ ਪੜ੍ਹੋ


| | |
|---|---|
| ਲਾਤੀਨੀ ਅਮਰੀਕਾ ਦੀ ਸਾਂਝੀ ਕਰੰਸੀ | ਸਫਾ 9 |
| ਟਰਾਂਟੋ 'ਚ ਗ਼ਦਰੀ ਮੇਲਾ 2009 | 10 |
| ਬਾਲਕੋ 'ਚ ਚਿਮਨੀ ਡਿਗਣ ਨਾਲ ਮੌਤਾਂ | 13 |
| ਨਿਯਾਮਗਿਰੀ 'ਚ ਸੰਘਰਸ਼ | 14 |
| ਯੂ.ਪੀ. ਟ੍ਰਾਂਸਪ੍ਰੋਟ ਕਾਮਿਆਂ ਦਾ ਸੰਘਰਸ਼ | 15 |
| ਜੀ-20 ਸਮੂਹ ਦੀ ਬੈਠਕ | 16 |
| ਅਧਿਆਪਕਾਂ ਦੀਆਂ ਸਮੱਸਿਆਵਾਂ | 18 |

# ਰਾਜਕੀ ਦਹਿਸ਼ਤਗਰਦੀ ਅਤੇ ਜ਼ਬਰ ਦੀ ਮੁੰਹਿਮ ਦੀ ਨਿਖੇਧੀ ਕਰੋ!

**ਸਫਾ 1 ਦੀ ਬਾਕੀ**

ਨਕਸਲਵਾਦੀ ਖਤਰੇ ਦੇ ਬਾਰੇ 'ਚ ਚੀਖ-ਚੀਖ ਕੇ ਕੀਤਾ ਜਾ ਰਿਹਾ ਪ੍ਰਚਾਰ, ਇਸ ਦੇ ਪਿੱਛੇ ਅਸਲੀ ਮੁੱਦੇ ਨੂੰ ਲੁਕਾਉਂਦਾ ਹੈ। ਇਹ ਮੁੱਦਾ ਹੈ ਲੋਕਾਂ ਦੀ ਆਪਣੀ ਜ਼ਮੀਨ ਤੇ ਕੁਦਰਤੀ ਸਾਧਨਾਂ ਉੱਤੇ ਅਧਿਕਾਰ ਦਾ, ਜਿਸ ਨੂੰ ਪੂੰਜੀਪਤੀਆਂ ਦੇ ਜ਼ਿਆਦਾ ਮੁਨਾਫ਼ੇ ਲਈ ਖੋਹਿਆ ਜਾ ਰਿਹਾ ਹੈ।

ਕਿਸਾਨ, ਆਦਿਵਾਸੀ, ਪਰਵਤੀ ਤੇ ਵਨਵਾਸੀ ਲੋਕ ਇਸ ਗੱਲ ਦਾ ਵਿਰੋਧ ਕਰ ਰਹੇ ਹਨ ਕਿ ਸਰਕਾਰ ਉਨ੍ਹਾਂ ਦੀ ਜ਼ਮੀਨ ਨੂੰ ਹੜੱਪ ਕੇ ਉਸ ਨੂੰ ਦੇਸੀ ਤੇ ਵਿਦੇਸ਼ੀ ਵੱਡੇ ਪੂੰਜੀਪਤੀਆਂ ਨੂੰ ਦੇ ਰਹੀ ਹੈ। ਅਲਗ-ਅਲਗ ਕਮਿਊਨਿਸਟ ਪਾਰਟੀਆਂ, ਜਿਨ੍ਹਾਂ 'ਚ ਮਾਓਵਾਦੀ ਤੇ ਮਾਰਕਸਵਾਦੀ-ਲੈਨਿਨਵਾਦੀ ਸ਼ਾਮਿਲ ਹੈ, ਲੋਕਾਂ ਦੇ ਆਪਣੇ ਅਧਿਕਾਰ ਦੀ ਰੱਖਿਆ ਲਈ ਤੇ ਕੇਂਦਰ ਤੇ ਰਾਜ ਸਰਕਾਰਾਂ ਦੀ ਮੱਦਦ ਨਾਲ ਪੂੰਜੀਪਤੀਆਂ ਵੱਲੋਂ ਜ਼ਮੀਨ ਅਕਵਾਇਰ ਕਰਨ ਦੇ ਖਿਲਾਫ਼ ਜਾਇਜ਼ ਸੰਘਰਸ਼ ਦਾ ਸਮਰਥਨ ਕਰ ਰਹੀਆਂ ਹਨ।

ਗ਼ੈਰ ਕਨੂੰਨੀ ਗਤੀਵਿਧੀ ਨਿਰੋਧਕ ਅਧਿਨਿਯਮ (ਯੂ. ਏ. ਪੀ. ਏ.) ਜੋ ਘਿਨਾਉਣੇ ਟਾਡਾ ਕਨੂੰਨ ਦਾ ਵਰਤਮਾਨ ਅਵਤਾਰ ਹੈ, ਉਸ ਨੂੰ ਪੂੰਜੀਵਾਦੀ ਜ਼ਮੀਨ ਅਕਵਾਇਰ ਦੇ ਖਿਲਾਫ਼ ਸੰਘਰਸ਼ ਕਰਨ ਵਾਲੇ ਸਾਰੇ ਲੋਕਾਂ ਨੂੰ ਖਤਰਨਾਕ ਅਪਰਾਧੀ, ਸ਼ੱਕੀ ਮਾਓਵਾਦੀ ਜਾਂ ਨਕਸਲਵਾਦੀ ਕਰਾਰ ਦੇ ਕੇ, ਉਨ੍ਹਾਂ 'ਤੇ ਹਮਲਾ ਕਰਨ ਦੇ ਲਈ ਇਸਤੇਮਾਲ ਕੀਤਾ ਜਾ ਰਿਹਾ ਹੈ। ਛਤਰਧਰ ਮਹਿਤੋ ਦੀ ਗ੍ਰਿਫ਼ਤਾਰੀ ਤੇ ਜ਼ੁਲਮ, ਭਾਰਤੀ ਕਮਿਊਨਿਸਟ ਪਾਰਟੀ (ਮਾਓਵਾਦੀ) ਦੇ ਮੈਂਬਰ ਕੋਬਾਡ ਗਾਂਧੀ ਦੀ ਸਨਸਨੀ ਭਰੀ ਗ੍ਰਿਫ਼ਤਾਰੀ, ਇਹ ਤਾਂ ਬੱਸ ਸ਼ੁਰੂਆਤ ਹੀ ਹੈ।

ਵੱਡੀ ਸੰਖਿਆ 'ਚ, ਅਲਗ-ਅਲਗ ਪਾਰਟੀਆਂ ਦੇ ਕਮਿਊਨਿਸਟਾਂ ਨੂੰ ਫੜ ਕੇ ਜੇਲ੍ਹ 'ਚ ਸੁੱਟਿਆ ਜਾ ਰਿਹਾ ਹੈ। ਰਾਜਕੀ ਦਮਨ ਦੇ ਖਿਲਾਫ਼ ਆਵਾਜ਼ ਚੁੱਕਣ ਵਾਲੇ ਮਾਨਵ-ਅਧਿਕਾਰ ਕਾਰਜਕਰਤਾਵਾਂ ਤੇ ਪ੍ਰਗਤੀਸ਼ੀਲ ਵਿਚਾਰ ਵਾਲੇ ਬੁੱਧੀਜੀਵੀਆਂ ਨੂੰ ਹਿਰਾਸਤ 'ਚ ਲਿਆ ਜਾ ਰਿਹਾ ਹੈ ਤੇ ਤਰ੍ਹਾਂ-ਤਰ੍ਹਾਂ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ।

ਕੇਂਦਰ ਸਰਕਾਰ ਪ੍ਰਗਤੀਸ਼ੀਲ ਤੇ ਜਨਵਾਦੀ ਵਿਚਾਰ ਵਾਲੇ ਲੋਕਾਂ ਨੂੰ ਡਰਾਉਣ ਲਈ ਵੱਡੇ ਪੱਧਰ 'ਤੇ ਪ੍ਰਚਾਰ ਮੁਹਿੰਮ ਚਲਾ ਰਹੀ ਹੈ। ਗ੍ਰਹਿ ਮੰਤਰਾਲੇ ਵੱਲੋਂ ਅਖ਼ਬਾਰਾਂ 'ਚ ਵੱਡੇ-ਵੱਡੇ ਇਸ਼ਤਿਹਾਰ ਦਿੱਤੇ ਜਾ ਰਹੇ ਹਨ, ਜਿਨ੍ਹਾਂ 'ਚ ਕਈ ਲਾਸ਼ਾਂ ਦੀਆਂ ਤਸਵੀਰਾਂ ਦਿਖਾਈਆਂ ਜਾ ਰਹੀਆਂ ਹਨ ਤੇ ਕਿਹਾ ਜਾ ਰਿਹਾ ਹੈ ਕਿ ਇਹ ਮਾਓਵਾਦੀਆਂ ਦੇ ਸ਼ਿਕਾਰ ਬਣੇ ਸਨ। ਪਾਠਕ ਤੋਂ ਪੁੱਛਿਆ ਜਾ ਰਿਹਾ ਹੈ ਕਿ ''ਕੀ ਕਿਸੇ ਨੂੰ ਇਨ੍ਹਾਂ ਲੋਕਾਂ ਨਾਲ ਹਮਦਰਦੀ ਹੈ?'' ਇਨ੍ਹਾਂ ਇਸ਼ਤਿਹਾਰਾਂ 'ਚ ਇਹ ਸੰਦੇਸ਼ ਦਿੱਤਾ ਜਾ ਰਿਹਾ ਹੈ ਕਿ ਜੋ ਰਾਜਕੀ ਦਮਨ ਦੇ ਸ਼ਿਕਾਰ ਬਣੇ ਲੋਕਾਂ ਦੇ ਅਧਿਕਾਰਾਂ ਦੀ ਰੱਖਿਆ ਕਰ ਰਿਹਾ ਹੈ, ਉਹ ਗਲਤ ਪੱਖ ਦੇ ਨਾਲ ਹਮਦਰਦੀ ਕਰ ਰਿਹਾ ਹੈ। ਇਸ ਸੰਦੇਸ਼ ਨਾਲ ਇਹ ਧਮਕੀ ਵੀ ਦਿੱਤੀ ਜਾ ਰਹੀ ਹੈ ਕਿ 'ਹੋਸ਼ਿਆਰ! ਜੇਕਰ ਤੁਸੀਂ ਰਾਜ ਵੱਲੋਂ ਗ੍ਰਿਫ਼ਤਾਰ ਕੀਤੇ ਜਾਣ ਵਾਲੇ ਲੋਕਾਂ ਦੀ ਹਮਦਰਦੀ ਕਰਦੇ ਹੋ ਤਾਂ ਤੁਸੀਂ ਵੀ ਇਸ ਸਬੰਧ ਦੇ ਜ਼ਰੀਏ ਦੋਸ਼ੀ ਮੰਨੇ ਜਾਓਗੇ!'

ਛੱਤਰਧਰ ਮਹਤੋ, ਜੋ ਪੱਛਮੀ ਬੰਗਾਲ ਦੇ ਲਾਲਗੜ੍ਹ 'ਚ ਪੁਲਿਸ ਅੱਤਿਆਚਾਰ ਦੇ ਖਿਲਾਫ਼ ਜਨ ਸਾਧਾਰਣ ਸਮਿਤੀ ਦੇ ਨੇਤਾ ਹਨ, ਉਨ੍ਹਾਂ ਦੇ ਮਾਮਲੇ 'ਚ ਰਾਜ ਦੇ ਮੁੱਖ ਪੁਲਿਸ ਅਧਿਕਾਰੀ ਨੇ ਇਹ ਚੇਤਾਵਨੀ ਦਿੱਤੀ ਹੈ ਕਿ ਕੋਲਕਾਤਾ 'ਚ ਕੁਝ "ਮੰਨੇ-ਪ੍ਰਮੰਨੇ ਬੁੱਧੀਜੀਵੀਆਂ ਦੇ ਨਾਲ ਉਨ੍ਹਾਂ ਦੇ ਸਬੰਧ ਪਾਏ ਗਏ ਹਨ ਤੇ ਉਨ੍ਹਾਂ ਬੁੱਧੀਜੀਵੀਆਂ ਦੇ ਖਿਲਾਫ਼ ਵੀ ਕਾਰਵਾਈ ਕੀਤੀ ਜਾਵੇਗੀ।" ਇਹ ਮਹਤੋ ਦੀ ਗ੍ਰਿਫ਼ਤਾਰੀ ਦੇ ਖਿਲਾਫ਼ ਜਨ ਵਿਰੋਧ ਨੂੰ ਡਰਾਉਣ-ਧਮਕਾਉਣ ਤੇ ਰੋਕਣ ਦੀ ਕੋਸ਼ਿਸ਼ ਕਰ ਰਹੇ ਹਨ।

ਕਿਸੇ ਵੀ ਅਪਰਾਧ ਦੇ ਕਿਸੇ ਸਬੂਤ ਦੇ ਬਿਨਾ ਹੀ, ਲੋਕਾਂ 'ਤੇ ਜ਼ੁਲਮ ਕੀਤੇ ਜਾ ਰਹੇ ਹਨ, ਸਿਰਫ਼ ਇਸ ਲਈ ਕਿ ਉਹ ਪੂੰਜੀਵਾਦੀ ਜ਼ਮੀਨ ਦੇ ਅਕਵਾਇਰ ਦਾ ਵਿਰੋਧ ਕਰਨ ਵਾਲਿਆਂ ਤੇ ਰੋਜ਼ੀ-ਰੋਟੀ ਦੀ ਸੁਰੱਖਿਆ ਮੰਗਣ ਵਾਲਿਆਂ ਦਾ ਸਮਰਥਨ ਕਰਦੇ ਹਨ। ਰਾਜ ਸੱਤਾ 'ਚ ਬੈਠੀਆਂ ਪਾਰਟੀਆਂ—ਕਾਂਗਰਸ ਪਾਰਟੀ, ਭਾਜਪਾ ਤੇ ਮਾਕਪਾ—ਇਸ ਜ਼ੁਲਮ ਦਾ ਸਰਮਥਨ ਕਰ ਰਹੀਆਂ ਹਨ। ਪਰ ਸਾਰੇ ਕਮਿਊਨਿਸਟ, ਜਨਵਾਦੀ ਵਿਚਾਰ ਵਾਲੇ ਲੋਕ ਅਤੇ ਮਜ਼ਦੂਰਾਂ, ਕਿਸਾਨਾਂ, ਔਰਤਾਂ ਤੇ ਨੌਜਵਾਨਾਂ ਦੇ ਵਿਚ ਕਾਰਜਸ਼ੀਲ ਸੰਗਠਨ ਇਸ ਦਾ ਵਿਰੋਧ ਕਰ ਰਹੇ ਹਨ।

ਸਾਡੇ ਦੇਸ਼ 'ਚ ਬਸਤੀਵਾਦੀ ਸ਼ਾਸਨ ਕਾਲ ਤੋਂ ਪਹਿਲਾਂ, ਕਈ ਸਦੀਆਂ ਤੋਂ ਪ੍ਰਚਾਰਤ ਤੇ ਪ੍ਰਚੱਲਤ ਰਾਜਧਰਮ ਦੇ ਅਨੁਸਾਰ-ਰਾਜ ਦਾ ਫ਼ਰਜ਼ ਮੰਨਿਆ ਜਾਂਦਾ ਹੈ ਕਿ ਸਮਾਜ ਦੇ ਸਾਰੇ ਮੈਂਬਰਾਂ ਦੀ ਖੁਸ਼ਹਾਲੀ ਤੇ ਸੁਰੱਖਿਆ ਯਕੀਨੀ ਬਣਾਈ ਜਾਵੇ। ਜੋ ਰਾਜਾ ਆਪਣਾ ਇਹ ਫ਼ਰਜ਼ ਪੂਰਾ ਨਹੀਂ ਕਰਦਾ ਸਗੋਂ ਜਨਤਾ 'ਤੇ ਅੱਤਿਆਚਾਰ ਕਰਦਾ ਹੈ, ਉਸ ਨੂੰ ਹਟਾਉਣ ਤੇ ਉਸ ਦਾ ਸਿਰ ਵੱਢ ਦੇਣ ਦਾ ਜਨਤਾ ਨੂੰ ਪੂਰਾ ਹੱਕ ਹੈ, ਇਸ ਤਰ੍ਹਾਂ ਮੰਨਿਆ ਜਾਂਦਾ ਹੈ।

ਅੱਜ ਜੋ ਆਪਣੀ ਰੋਜ਼ੀ-ਰੋਟੀ ਦੀ ਸੁਰੱਖਿਆ ਮੰਗਦਾ ਹੈ ਉਸ ਨੂੰ ਹਿੰਦੁਸਤਾਨ ਦੀ ਰਾਸ਼ਟਰੀ ਸੁਰੱਖਿਆ ਤੇ ਤਰੱਕੀ ਲਈ ਖ਼ਤਰਾ ਮੰਨਿਆ ਜਾਂਦਾ ਹੈ। ਜੋ ਆਪਣੇ ਲਈ ਜ਼ਿਆਦਾ ਤੋਂ ਜ਼ਿਆਦਾ ਮੁਨਾਫ਼ਾ ਕਮਾਉਣ ਲਈ ਦੂਸਰਿਆਂ ਦੀ ਜ਼ਮੀਨ ਹੜੱਪਦੇ ਹਨ, ਉਹ ਮਾਣਯੋਗ ਮਹਿਮਾਨ ਮੰਨੇ ਜਾਂਦੇ ਹਨ—ਪੂੰਜੀ ਨਿਵੇਸ਼ਕ, ਜਿਨ੍ਹਾਂ ਦੀ ਪੂਰੀ ਖਾਤਿਰਦਾਰੀ ਕੀਤੀ ਜਾਣੀ ਚਾਹੀਦੀ ਹੈ। ਇਸ ਜ਼ੁਲਮ ਦੇ ਖਿਲਾਫ਼ ਜੋ ਲੋਕ ਆਵਾਜ਼ ਉਠਾਉਂਦੇ ਹਨ, ਉਨ੍ਹਾਂ ਨੂੰ ਜੇਲ੍ਹ 'ਚ ਸੁੱਟਿਆ ਜਾ ਰਿਹਾ ਹੈ ਤੇ ਉਨ੍ਹਾਂ 'ਤੇ ਇਲਜ਼ਾਮ ਲਗਾਇਆ ਜਾ ਰਿਹਾ ਹੈ ਕਿ ਉਹ ਮੌਜੂਦਾ ਵਿਵਸਥਾ ਨੂੰ ਖਤਰਾ ਪਹੁੰਚਾ ਰਹੇ ਹਨ। ਇਸ ਜ਼ੁਲਮ ਦਾ ਵਿਰੋਧ ਕਰਨ ਵਾਲਿਆਂ ਨਾਲ ਹਮਦਰਦੀ ਰੱਖਣ ਵਾਲਿਆਂ ਨੂੰ ਵੀ ਇਸ ਸਬੰਧ ਦੇ ਕਾਰਣ ਦੋਸ਼ੀ ਠਹਿਰਾਇਆ ਜਾ ਰਿਹਾ ਹੈ।

ਇਸ ਸਮੱਸਿਆ ਦੇ ਲਈ ਸਭ ਤੋਂ ਪਹਿਲਾਂ ਕੌਣ ਜ਼ਿੰਮੇਵਾਰ ਹੈ। ਰਾਜ ਵੱਲੋਂ ਇਸ ਜਾਂ ਉਸ ਵੱਡੇ ਪੂੰਜੀਪਤੀ ਘਰਾਣੇ ਨੂੰ ਲੋਕਾਂ ਤੋਂ ਖੋਹੀ ਹੋਈ ਜ਼ਮੀਨ ਦੇਣ ਦੀ ਵਜ੍ਹਾ ਨਾਲ ਇਹ ਸਮੱਸਿਆ ਸ਼ੁਰੂ ਹੋਈ। ਲੋਕ ਆਪਣੀ ਜ਼ਮੀਨ ਖੋਹੇ ਜਾਣ ਦੇ ਖਿਲਾਫ਼ ਅੰਦੋਲਨ ਕਰ ਰਹੇ ਹਨ, ਤਾਂ ਇਹ ਪੂੰਜੀਪਤੀਆਂ ਵੱਲੋਂ ਜ਼ਮੀਨ ਅਕਵਾਇਰ ਕਰਨ ਦੇ ਖਿਲਾਫ਼ ਉਨ੍ਹਾਂ ਦੀ ਪ੍ਰਤੀਕਿਰਿਆ ਹੈ। ਪ੍ਰੰਤੂ ਜੋ ਲੋਕ ਇਸ ਜ਼ਮੀਨ ਦੇ ਅਕਵਾਇਰ ਕਰਨ ਦਾ ਵਿਰੋਧ ਕਰ ਰਹੇ ਹਨ, ਉਨ੍ਹਾਂ ਨੂੰ ਹੀ ਦੋਸ਼ੀ ਠਹਿਰਾਇਆ ਜਾ ਰਿਹਾ ਹੈ ਤੇ ਉਨ੍ਹਾਂ ਉੱਤੇ ਕਨੂੰਨ-ਵਿਵਸਥਾ ਦਾ ਉਲੰਘਣ ਕਰਨ ਦਾ ਦੋਸ਼ ਲਗਾਇਆ ਜਾ ਰਿਹਾ ਹੈ। ਪਰ ਜੋ ਨਾਜਾਇਜ਼ ਤੌਰ 'ਤੇ ਲੋਕਾਂ ਦੀ ਜ਼ਮੀਨ ਨੂੰ ਹੜੱਪ ਰਹੇ ਹਨ, ਉਨ੍ਹਾਂ ਨੂੰ ਰਾਸ਼ਟਰਹਿਤ ਦੇ ਹਮਾਇਤੀ ਦੱਸਿਆ ਜਾ ਰਿਹਾ ਹੈ। ਸੱਚਾਈ ਨੂੰ ਬਿਲਕੁਲ ਉਲਟਾ ਕਰਕੇ ਪੇਸ਼ ਜਾ ਰਿਹਾ ਹੈ।

ਅੱਜ ਇਹ ਵਕਤ ਦੀ ਮੰਗ ਹੈ ਕਿ ਮਿਹਨਤਕਸ਼ ਜਨਸਮੂਹ ਦੇ ਅਧਿਕਾਰਾਂ ਤੇ ਖੁਸ਼ਹਾਲੀ ਦੀ ਰੱਖਿਆ ਕਰਨ ਵਾਲੀਆਂ ਸਾਰੀਆਂ ਪਾਰਟੀਆਂ ਤੇ ਦਲ ਇਕਜੁਟ ਹੋ ਕੇ ਕੰਮ ਕਰਨ। ਨਕਸਲਵਾਦ ਨੂੰ ਮਿਟਾਉਣ ਦੇ ਨਾਂਅ 'ਤੇ ਜਨ ਵਿਰੋਧ ਨੂੰ ਮਿਟਾਉਣ ਦੀ ਮਨਮੋਹਨ ਸਿੰਘ ਸਰਕਾਰ ਦੀ ਫਾਸੀਵਾਦੀ ਮੁਹਿੰਮ ਨੂੰ ਹਰਾਉਣ ਦੇ ਲਈ, ਆਓ ਆਪਾਂ ਸਾਰੇ ਇਕਜੁੱਟ ਹੋ ਜਾਈਏ! ■

# ਯੂ. ਏ. ਪੀ. ਏ. ਦੇ ਤਹਿਤ ਗ੍ਰਿਫ਼ਤਾਰੀ ਦੇ ਖਿਲਾਫ਼ ਕੋਲਕਾਤਾ ’ਚ ਜਨ ਪ੍ਰਦਰਸ਼ਨ

ਪੁਲਿਸ ਅੱਤਿਆਚਾਰ ਦੇ ਖਿਲਾਫ਼ ਜਨਸਾਧਾਰਣ ਸਮਿਤੀ (ਪੀ.ਸੀ.ਪੀ.ਏ.) ਦੇ ਨੇਤਾ, ਛਤਰਧਰ ਮਹਤੋ, ਨੂੰ ਅਗਵਾ ਕਰਨ ਤੇ ਯੂ. ਏ. ਪੀ. ਏ. ਦੇ ਤਹਿਤ ਗ਼ੈਰ-ਕਨੂੰਨੀ ਗ੍ਰਿਫ਼ਤਾਰੀ ਦੇ ਬਾਅਦ, ਕੇਂਦਰ ਸਰਕਾਰ ਦੀ ਹਮਾਇਤ ਨਾਲ ਪੱਛਮੀ ਬੰਗਾਲ ਦੀ ਖੱਬਾ ਮੋਰਚਾ ਸਰਕਾਰ ਵੱਲੋਂ ਵਿੱਢੇ ਗਏ ਰਾਜਕੀ ਆਤੰਕ ਦੇ ਖਿਲਾਫ਼ ਅਲਗ-ਅਲਗ ਪਾਰਟੀਆਂ ਤੇ ਸੰਗਠਨਾਂ ਦੇ ਕਮਿਊਨਿਸਟ ਤੇ ਪ੍ਰਗਤੀਸ਼ੀਲ ਵਿਚਾਰ ਵਾਲੇ ਲੋਕ ਬੜੀ ਸੰਖਿਆ ’ਚ ਸੜਕਾਂ ’ਤੇ ਨਿਕਲ ਰਹੇ ਹਨ।

8 ਅਕਤੂਬਰ ਨੂੰ ਕੋਲਕਾਤਾ ’ਚ ਮਹਤੋ ਅਤੇ ਜ਼ੁਲਮ ਦਾ ਸ਼ਿਕਾਰ ਹੋਏ ਹੋਰ ਲੋਕਾਂ ਦੀ ਗ੍ਰਿਫ਼ਤਾਰੀ ਦੇ ਖਿਲਾਫ਼ ਸੈਂਕੜੇ ਕਾਰਜਕਰਤਾਵਾਂ ਨੇ ਇਕ ਰੈਲੀ ਕੱਢੀ। ਵਰਨਣਯੋਗ ਹੈ ਕਿ ਪੀ.ਸੀ.ਪੀ.ਏ. ਦੇ ਕਈ ਹੋਰ ਕਾਰਜਕਰਤਾ, ਪੀਪਲਸ ਮਾਰਚ ਨਾਮੀ ਪੱਤਰ ਦੇ ਪ੍ਰਕਾਸ਼ਕ ਤੇ ਸੰਪਾਦਕ ਤੇ ਗ੍ਰਿਫ਼ਤਾਰੀਆਂ ਦੀ ਨਿੰਦਿਆ ਕਰਦੇ ਹੋਏ ਪੋਸਟਰ ਲਗਾਉਣ ਵਾਲੇ ਕਾਰਜਕਰਤਾਵਾਂ ਨੂੰ ਵੀ ਪੁਲਿਸ ਨੇ ਹਿਰਾਸਤ ਵਿਚ ਲੈ ਲਿਆ ਹੈ ਤੇ ਉਨ੍ਹਾਂ ’ਤੇ ਭਾਕਪਾ (ਮਾਓਵਾਦੀ) ਜਾਂ ਪੀ.ਸੀ.ਪੀ.ਏ. ਦੇ ਸਮਰਥਕ ਹੋਣ ਦਾ ਦੋਸ਼ ਲਗਾਇਆ ਗਿਆ ਹੈ।

ਕਾਲਜ ਸਕੁਆਇਰ ਤੋਂ ਸ਼ੁਰੂ ਹੋ ਕੇ ਐਸਪਲਾਨੇਡ ਤਕ ਇਸ ਰੈਲੀ ’ਚ ਅਲਗ-ਅਲਗ ਮਾਨਵ ਅਧਿਕਾਰ ਸੰਗਠਨਾਂ, ਕਮਿਊਨਿਸਟ ਪਾਰਟੀਆਂ ਤੇ ਦਲਾਂ, ਏ.ਪੀ.ਡੀ.ਆਰ., ਬੰਦੀ ਮੁਕਤੀ ਕਮੇਟੀ ਤੇ ਐਮ.ਕੇ.ਪੀ. ਵਰਗੇ ਕੁਝ ਕਿਸਾਨ ਸੰਗਠਨ ਸ਼ਾਮਿਲ ਸਨ। ਐਸਪਲਾਨੇਡ ’ਚ ਪਹੁੰਚ ਕੇ ਇਕ ਜਨਸਭਾ ਹੋਈ, ਜਿਸ ’ਚ ਮਹਤੋ ਅਤੇ ਰਾਜਾ ਸਰਖੇਲ ਤੇ ਪ੍ਰਸੂੰਨ ਚੈਟਰਜੀ ਵਰਗੇ ਹੋਰ ਕਾਰਜਕਰਤਾਵਾਂ ਦੀ ਗ੍ਰਿਫ਼ਤਾਰੀ ਦਾ ਵਿਰੋਧ ਕੀਤਾ ਗਿਆ।

ਰੈਲੀ ਦੇ ਸਹਿਭਾਗੀਆਂ ਨੇ ਫਾਸੀਵਾਦੀ ਯੂ.ਏ.ਪੀ.ਏ. ਨੂੰ ਲਾਗੂ ਕਰਨ ਲਈ ਪੱਛਮੀ ਬੰਗਾਲ ਦੀ ਖੱਬਾ ਮੋਰਚਾ ਸਰਕਾਰ ਦੀ ਜ਼ੋਰਦਾਰ ਨਿੰਦਿਆ ਕੀਤੀ। ਰਾਜਕੀ ਜ਼ੁਲਮ ਦੇ ਖਿਲਾਫ਼ ਲੜਨ ਲਈ ਲਾਲਗੜ੍ਹ ਦੇ ਲੋਕਾਂ ਨੇ ਆਪਣੇ ਆਪ ਨੂੰ ਸੰਗਠਤ ਕੀਤਾ, ਪਰ ਉਨ੍ਹਾਂ ਦੇ ਵਿਰੋਧ ਦੀ ਆਵਾਜ਼ ਨੂੰ ਦੱਬਣ ਦੇ ਲਈ ਖੱਬਾ ਮੋਰਚਾ ਸਰਕਾਰ ਪੁਲਿਸ ਤੇ ਅਰਧ ਸੈਨਿਕ ਬਲਾਂ ਦਾ ਇਸਤੇਮਾਲ ਕਰ ਰਹੀ ਹੈ—ਇਸ ਦਾ ਵਿਰੋਧ ਕੀਤਾ ਗਿਆ।

‘‘ਅਸੀਂ ਇਹ ਮੰਗ ਕਰਦੇ ਹਾਂ ਕਿ ਯੂ.ਏ.ਪੀ.ਏ. ਦੇ ਤਹਿਤ ਗ੍ਰਿਫ਼ਤਾਰ ਕੀਤੇ ਗਏ ਤੇ ਭਾਰਤੀ ਦੰਡ ਸੰਹਿਤਾ ਦੀਆਂ ਅਲਗ-ਅਲਗ ਧਾਰਾਵਾਂ ਦੇ ਤਹਿਤ ਝੂਠੇ ਦੋਸ਼ਾਂ ’ਚ ਫਸਾਏ ਗਏ ਛਤਰਧਰ ਮਹਤੋ ਤੇ ਹੋਰ ਕਾਰਜਕਰਤਾਵਾਂ ਨੂੰ ਬਿਨਾ ਸ਼ਰਤ ਰਿਹਾ ਕੀਤਾ ਜਾਵੇ। ਅਸੀਂ ਇਹ ਮੰਗ ਕਰਦੇ ਹਾਂ ਕਿ ਸੈਨਾ ਤੇ ਅਰਧ-ਸੈਨਿਕ ਬਲਾਂ ਨੂੰ ਹਟਾਇਆ ਜਾਵੇ, ਯੂ.ਏ.ਪੀ.ਏ ਨੂੰ ਰੱਦ ਕੀਤਾ ਜਾਵੇ ਤੇ ਜਨ ਸਾਧਾਰਣ ਸਮਿਤੀ ਦੇ ਨਾਲ ਗੱਲਬਾਤ ਸ਼ੁਰੂ ਕੀਤੀ ਜਾਵੇ’’, ਇਸ ਤਰ੍ਹਾਂ ਸੁਜਾਦ ਭੱਦਰ, ਏ.ਪੀ.ਡੀ.ਆਰ. ਦੇ ਸਚਿਵ ਨੇ ਕਿਹਾ। ‘‘ਪ੍ਰਤੀਰੋਧ ਦੀ ਆਵਾਜ਼ ਨੂੰ ਕੁਚਲਣ ਲਈ ਰਾਜ ਵੱਲੋਂ ਅਯੋਜਤ ਅੱਤਵਾਦ ਨੂੰ ਯੂ.ਏ.ਪੀ.ਏ. ਜਾਇਜ਼ ਠਹਿਰਾਉਂਦਾ ਹੈ’’, ਇਸ ਤਰ੍ਹਾਂ ਬੰਦੀ ਮੁਕਤੀ ਸਮਿਤੀ ਦੇ ਕਾਰਜਕਾਰੀ ਪ੍ਰਧਾਨ ਮਾਨਸ ਜੋਵਰਦਾਰ ਨੇ ਕਿਹਾ।

10 ਅਕਤੂਬਰ, 2009 ਨੂੰ ਦਮਨਕਾਰੀ ਯੂ.ਏ.ਪੀ.ਏ. ਦੇ ਇਸਤੇਮਾਲ ਦੀ ਨਿੰਦਿਆ ਕਰਨ ਲਈ ਬੁੱਧੀਜੀਵੀਆਂ ਨੇ ਕਾਲਜ ਸਕਵਾਇਰ ’ਚ ਇਕ ਰੈਲੀ ਕੱਢੀ। ਕਲਾਕਾਰਾਂ, ਸੱਭਿਆਚਾਰਕ ਕਰਮਚਾਰੀਆਂ ਤੇ ਬੁੱਧੀਜੀਵੀਆਂ ਦੇ ਸੰਗਠਨ—ਸ਼ਿਲਪੀ, ਸੱਭਿਆਚਾਰਕ ਕਰਮਚਾਰੀਆਂ ਕਰਮੀ ਔਰ ਬੁੱਧੀਜੀਵੀ ਮੰਚ—ਨੇ ਰਾਜ ਵੱਲੋਂ ਜੰਗਲਮਹਿਲ ’ਚ ਕਤਲੇਆਮ ਤੇ ਦਮਨ ਦੀ ਨਿੰਦਿਆ ਕੀਤੀ ਹੈ।

ਕਿਸੇ ਨੂੰ ਬਿਲਕੁਲ ਇਹ ਮਨਜ਼ੂਰ ਨਹੀਂ ਹੈ ਕਿ ਖੁਦ ਨੂੰ ਕਮਿਊਨਿਸਟ ਕਹਾਉਣ ਵਾਲੀ ਮਾਕਪਾ ਪੁਲਿਸ ਅੱਤਿਆਚਾਰ ਦੇ ਖਿਲਾਫ਼ ਤੇ ਜ਼ਮੀਨ ਤੇ ਜੰਗਲ ’ਤੇ ਆਪਣਾ ਹੱਕ ਜਤਾਉਣ ਵਾਲੇ ਆਦਿਵਾਸੀਆਂ ਦੇ ਖੂੰਖਾਰ ਸ਼ੋਸ਼ਣ ਦੇ ਖਿਲਾਫ਼ ਲੜਨ ਦੇ ਲਈ ਪੀ.ਸੀ.ਪੀ.ਏ. ਦੇ ਝੰਡੇ ਹੇਠਾਂ ਸੰਗਠਤ ਹੋਏ ਜੰਗਲਮਹਿਲ ਦੇ ਲੋਕਾਂ ’ਤੇ ਇਸ ਤਰ੍ਹਾਂ ਦਾ ਫਾਸੀਵਾਦੀ ਦਮਨ ਛੇੜ ਦੇਵੇ। ਇਹ ਬਿਲਕੁਲ ਵੀ ਮਨਜ਼ੂਰ ਨਹੀਂ ਹੈ ਕਿ ਇਸ ਤਰ੍ਹਾਂ ਦੀ ਪਾਰਟੀ ਜੋ ਖੁਦ ਨੂੰ ਕਮਿਊਨਿਸਟ ਕਹਾਉਂਦੀ ਹੈ ਤੇ ਜਿਸ ਨੇ ਬਸ ਇਕ ਸਾਲ ਪਹਿਲਾਂ ਹੀ, ਮੁੰਬਈ ਦੇ ਅੱਤਵਾਦੀ ਹਮਲਿਆਂ ਦੇ ਬਾਅਦ ਸੰਪ੍ਰਗ ਸਰਕਾਰ ਵੱਲੋਂ ਯੂ.ਏ.ਪੀ.ਏ. ’ਚ ਲਿਆਂਦੀਆਂ ਗਈਆਂ ਸੋਧਾਂ ਦਾ ਵਿਰੋਧ ਕੀਤਾ ਸੀ ਤੇ ਉਸ ਨੂੰ ਕਾਲਾ ਕਨੂੰਨ ਦੱਸਿਆ ਸੀ, ਉਹ ਅੱਜ ਉਸੇ ਕਨੂੰਨ ਨੂੰ ਕਮਿਊਨਿਸਟਾਂ ਤੇ ਦੂਸਰੇ ਕਾਰਜਕਰਤਾਵਾਂ ਦੇ ਖਿਲਾਫ਼ ਲਾਗੂ ਕਰੇ, ਜਦ ਉਹ ਆਪਣੇ ਜ਼ਮੀਰ ਦੇ ਅਧਿਕਾਰ ਲਈ ਸੰਘਰਸ਼ ਕਰ ਰਹੇ ਹਨ ਤੇ ਲੋਕਾਂ ਨੂੰ ਆਪਣੇ ਅਧਿਕਾਰਾਂ ਦੀ ਹਿਫਾਜ਼ਤ ਲਈ ਸੰਗਠਤ ਕਰ ਰਹੇ ਹਨ।

ਕੇਂਦਰ ਸਰਕਾਰ ਨੇ ਦੇਸ਼ ਦੇ ਅਲਗ-ਅਲਗ ਹਿੱਸਿਆਂ ’ਚ, ਖਾਸਕਰ ਉੜੀਸਾ, ਪੱਛਮੀ ਬੰਗਾਲ, ਝਾਰਖੰਡ ਤੇ ਛੱਤੀਸਗੜ੍ਹ ਦੇ ਖੇਤਰਾਂ ’ਚ ਜਨ ਵਿਰੋਧ ਦੇ ਅੰਦੋਲਨ ਨੂੰ ਕੁਚਲਨ ਦੀਆਂ ਆਪਣੀ ਯੋਜਨਾਵਾਂ ਦਾ ਖੁਲਾਸਾ ਕੀਤਾ ਹੈ। ਵਰਨਣਯੋਗ ਹੈ ਕਿ ਕਈ ਹਿੰਦੁਸਤਾਨੀ ਤੇ ਵਿਦੇਸ਼ੀ ਬਹੁਰਾਸ਼ਟਰੀ ਕੰਪਨੀਆਂ ਨੇ ਇਸ ਖੇਤਰ ਦੀ ਜ਼ਮੀਨ, ਜੰਗਲ ਤੇ ਕੁਦਰਤੀ ਸਾਧਨਾਂ ਨੂੰ ਲੁੱਟਣ ਲਈ ਅਲਗ-ਅਲਗ ਰਾਜ ਸਰਕਾਰਾਂ ਦੇ ਨਾਲ ਵੱਡੀਆਂ-ਵੱਡੀਆਂ ਪਰਿਯੋਜਨਾਵਾਂ ’ਤੇ ਹਸਤਾਖਰ ਕੀਤੇ ਹਨ। ਅਲਗ-ਅਲਗ ਕਮਿਊਨਿਸਟ ਪਾਰਟੀਆਂ ਤੇ ਦਲਾਂ ਦੇ ਕਾਰਜਕਰਤਾ ਉਥੇ ਦੇ ਲੋਕਾਂ ਨੂੰ ਆਪਣੇ ਅਧਿਕਾਰਾਂ ਤੇ ਰੋਜ਼ੀ-ਰੋਟੀ ਦੀ ਰੱਖਿਆ ’ਚ ਸੰਗਠਤ ਕਰਨ ਲਈ ਅਗਵਾਈ ਦੇ ਰਹੇ ਹਨ। ਕੇਂਦਰ ਸਰਕਾਰ ਇਹ ਨਾਅਰਾ ਦੇ ਕੇ ਕਿ ‘ਨਕਸਲ ਅੰਦਰੂਨੀ ਸੁਰੱਖਿਆ ਦੇ ਲਈ ਸਭ ਤੋਂ ਵੱਡਾ ਖਤਰਾ ਹੈ’, ਸਾਰੇ ਕਮਿਊਨਿਸਟਾਂ ਉੱਤੇ ਭਿਆਨਕ ਹਮਲਾ ਛੇੜ ਰਹੀ ਹੈ। ਇਨ੍ਹਾਂ ਹਾਲਤਾਂ ’ਚ, ਮਾਕਪਾ ਤੇ ਪੱਛਮੀ ਬੰਗਾਲ ਦੀ ਖੱਬਾ ਮੋਰਚਾ ਸਰਕਾਰ ਦੀਆਂ ਕਾਰਵਾਈਆਂ ਹਿੰਦੁਸਤਾਨੀ ਪੂੰਜੀਪਤੀਆਂ ਤੇ ਕੇਂਦਰ ਸਰਕਾਰ ਦੇ ਕਮਿਊਨਿਸਟ ਵਿਰੋਧੀ, ਜਨ ਵਿਰੋਧੀ ਹਮਲੇ ਨੂੰ ਮਦਦ ਦੇ ਰਹੀਆਂ ਹਨ। ■




**मजदूर वर्ग की आवाज़**

**मजदूर एकता लहर**

**(पाक्षिक)**

वार्षिक शुल्क 50 रुपये
कृपया मनीआर्डर निम्न पते पर भेजिये:
श्री चन्द्रभान, ई–392, संजय कालोनी,
ओखला फेस–2, नई दिल्ली – 110020,
फोन 09868721375

# 1984 'ਚ ਸਿੱਖਾਂ ਦੇ ਕਤਲੇਆਮ ਨੂੰ ਕਦੀ ਮੁਆਫ਼ ਨਹੀਂ ਕੀਤਾ ਜਾ ਸਕਦਾ,...

**ਸਫਾ 1 ਦੀ ਬਾਕੀ**

ਹਮਲਾਵਰਾਂ ਨੂੰ ਵੋਟਰ ਲਿਸਟ ਦਿੱਤੇ ਗਏ ਸਨ ਜਿਨ੍ਹਾਂ 'ਤੇ ਸਿੱਖ ਪਰਿਵਾਰਾਂ ਦੇ ਨਾਵਾਂ 'ਤੇ ਨਿਸ਼ਾਨ ਲਗਾਏ ਹੋਏ ਸਨ। ਹਮਲਾਵਰਾਂ ਨੂੰ ਵੱਡੇ-ਵੱਡੇ ਰਾਜਨੀਤਕ ਨੇਤਾਵਾਂ ਤੇ ਪੁਲਿਸ ਦਾ ਸਮਰਥਨ ਪ੍ਰਾਪਤ ਸੀ। ਪੁਲਿਸ ਹੱਤਿਆਕਾਂਡ ਨੂੰ ਪਹਿਲਾਂ ਚੁੱਪਚਾਪ ਦੇਖਦੀ ਰਹੀ ਤੇ ਫਿਰ 'ਪ੍ਰਤੀਕਿਰਿਆ ਰੋਕਨ' ਦੇ ਨਾਂਅ 'ਤੇ ਸਿੱਖਾਂ ਨੂੰ ਹੀ ਗ੍ਰਿਫ਼ਤਾਰ ਕਰਨ ਲੱਗੀ।

ਇੰਦਰਾ ਗਾਂਧੀ ਦੀ ਹੱਤਿਆ ਨੂੰ ਇਸਤੇਮਾਲ ਕਰਕੇ ਸਿੱਖ ਧਰਮ ਨੂੰ ਮੰਨਣ ਵਾਲਿਆਂ ਦੇ ਖਿਲਾਫ਼ ਨਫ਼ਰਤ ਤੇ ਗੁੱਸਾ ਫੈਲਾਇਆ ਗਿਆ ਤੇ ਸਿੱਖਾਂ ਦੇ ਜਨਸੰਹਾਰ ਨੂੰ ਉਚਿਤ ਠਹਿਰਾਇਆ ਗਿਆ। ਇਸ ਨਾਲ ਗਾਂਧੀ ਪਰਿਵਾਰ ਦੇ ਲਈ ਹਮਦਰਦੀ ਫੈਲਾਈ ਗਈ। 1985 'ਚ ਕਾਂਗਰਸ ਪਾਰਟੀ ਨੇ ਭਾਰੀ ਬਹੁਮਤ ਨਾਲ ਲੋਕ ਸਭਾ ਚੋਣ ਜਿੱਤੀ ਤੇ ਰਾਜੀਵ ਗਾਂਧੀ ਸੱਤਾ 'ਤੇ ਆ ਬੈਠਿਆ। ਉਸ ਦਾ ਮੁੱਖ ਨਾਅਰਾ ਸੀ-''ਹਿੰਦੀ, ਹਿੰਦੂ, ਹਿੰਦੁਸਤਾਨ!'' ਉਹ ਬੀਤੇ 25 ਵਰ੍ਹਿਆਂ 'ਚ ਚੱਲ ਰਹੇ ਨਾਟਕ ਦਾ ਪਹਿਲਾ ਦ੍ਰਿਸ਼ ਸੀ। ਇਨ੍ਹਾਂ 25 ਵਰ੍ਹਿਆਂ ਦੇ ਦੌਰਾਨ ਰਾਜਕੀ ਅੱਤਵਾਦ ਅਤੇ ਜਨ ਪ੍ਰਤੀਰੋਧ ਨੂੰ ਅਪਰਾਧ ਠਹਿਰਾਉਣਾ, ਇਹ ਸ਼ਾਸਨਤੰਤਰ ਦੇ ਪਸੰਦੀਦਾ ਤਰੀਕੇ ਬਣਾ ਦਿੱਤੇ ਗਏ ਹਨ।

ਮੌਜੂਦਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਅਤੇ ਕਾਂਗਰਸ ਪਾਰਟੀ ਦੀ ਪ੍ਰਧਾਨ ਸੋਨੀਆ ਗਾਂਧੀ ਨੇ ਇਹ ਕਿਹਾ ਹੈ ਕਿ 1984 'ਚ ਹੋਈਆਂ ਘਟਨਾਵਾਂ ਦੇ ਬਾਰੇ ਉਹ ਦੁਖੀ ਹਨ ਤੇ ਮੁਆਫ਼ੀ ਮੰਗਣਾ ਚਾਹੁੰਦੇ ਹਨ। ਉਹ ਲੋਕਾਂ ਨੂੰ ਇਹ ਕਹਿ ਰਹੇ ਹਨ ਕਿ ਹੁਣ ਉਸ ਨੂੰ ਭੁੱਲ ਜਾਣਾ ਚਾਹੀਦਾ ਹੈ ਤੇ ਮੁਆਫ਼ ਕਰ ਦੇਣਾ ਚਾਹੀਦਾ ਹੈ।

'ਸੱਚ ਨੂੰ ਲੁਕਿਆ ਰਹਿਣ ਦਿਓ, ਦਸਤਾਵੇਜ਼ਾਂ 'ਚ ਉਸ ਨੂੰ ਦੰਗਾ ਹੀ ਰਹਿਣ ਦਿਓ, ਜਨਸੰਹਾਰ ਨੂੰ ਅਯੋਜਤ ਕਰਨ ਵਾਲਿਆਂ ਨੂੰ ਸਜ਼ਾ ਨਾ ਮਿਲੇ, ਕਿਸੇ ਨੇਤਾ ਨੂੰ ਦੋਸ਼ੀ ਨਾ ਠਹਿਰਾਇਆ ਜਾਵੇ, ਹੁਣ ਅੱਗੇ ਵਧੋ!'— ਇਹ ਸੰਦੇਸ਼ ਹਿੰਦੁਸਤਾਨ ਦੇ ਅੱਜ ਦੇ ਸ਼ਾਸਕ ਲੋਕਾਂ ਨੂੰ ਦੇਣਾ ਚਾਹੁੰਦੇ ਹਨ।

ਇਹ ਪਹਿਲੀ ਵਾਰ ਨਹੀਂ ਹੈ ਜਦ ਹਿੰਦੁਸਤਾਨ ਦੇ ਲੋਕਾਂ ਨੂੰ ਭੁੱਲ ਜਾਣ ਤੇ ਮੁਆਫ਼ ਕਰਨ ਨੂੰ ਕਿਹਾ ਜਾ ਰਿਹਾ ਹੈ ਤੇ ਸ਼ਾਸਕ ਇਹ ਵਾਅਦਾ ਕਰ ਰਹੇ ਹਨ ਕਿ ''ਇਸ ਤਰ੍ਹਾਂ ਫਿਰ ਨਹੀਂ ਹੋਵੇਗਾ''।

ਨਿਆ ਪ੍ਰਣਾਲੀ 'ਚ ਪੂਰੇ ਮਾਮਲੇ ਨੂੰ ਸਿਰਫ ਇਥੇ ਤੱਕ ਹੀ ਸੀਮਿਤ ਕੀਤਾ ਜਾਂਦਾ ਹੈ ਕਿ ਬਲਾਤਕਾਰ ਜਾਂ ਕਤਲ ਦੇ ਖਾਸ ਕਾਂਡਾਂ ਦਾ ਸਬੂਤ ਦੇਣ ਦੇ ਲਈ ਕੋਈ ਚਸ਼ਮਦੀਦ ਗਵਾਹ ਮਿਲਦਾ ਹੈ ਜਾਂ ਨਹੀਂ। ਸਬੂਤ ਦੇਣ ਦੀ ਕੋਸ਼ਿਸ਼ ਕਰਨ ਵਾਲਿਆਂ ਨੂੰ ਡਰਾਇਆ-ਧਮਕਾਇਆ ਜਾਂਦਾ ਹੈ ਜਾਂ ਝੂਠ ਬੋਲਣ ਦੇ ਲਈ ਉਨ੍ਹਾਂ ਨੂੰ ਰਿਸ਼ਵਤ ਦਿੱਤੀ ਜਾਂਦੀ ਹੈ। ਵੱਡੇ-ਵੱਡੇ ਨੇਤਾ ਜੱਜਾਂ ਨੂੰ ਰਿਸ਼ਵਤ ਖਵਾਉਂਦੇ ਹਨ, ਕਿਉਂਕਿ ਉਨ੍ਹਾਂ ਨੇਤਾਵਾਂ ਦੇ ਕੋਲ ਬਹੁਤ ਕੁਝ ਲੁਕਾਉਣ ਲਈ ਹੈ ਤੇ ਉਹ ਨਹੀਂ ਚਾਹੁੰਦੇ ਕਿ ਸੱਚਾਈ ਬਾਹਰ ਆਵੇ।

1947-48 'ਚ ਦੇਸ਼ ਦੇ ਖੂਨੀ ਬਟਵਾਰੇ ਦੇ ਬਾਅਦ ਜਵਾਹਰਲਾਲ ਨੇਹਰੂ ਨੇ ਲੋਕਾਂ ਨੂੰ ਇਹੀ ਕਿਹਾ ਸੀ, ਕਿ ਇਸ ਤਰ੍ਹਾਂ ਫਿਰ ਨਹੀਂ ਹੋਵੇਗਾ! ਪਰ ਇਸ ਤਰ੍ਹਾਂ ਫਿਰ ਹੋਇਆ। ਇਕ ਵਾਰ ਨਹੀਂ ਬਲਕਿ ਵਾਰ-ਵਾਰ, ਅਸਮ 'ਚ, ਦਿੱਲੀ 'ਚ, ਅਯੋਧਿਆ, ਗੁਜਰਾਤ ਤੇ ਦੂਸਰੀਆਂ ਥਾਵਾਂ 'ਤੇ। ਇਸ ਦੀ ਕੋਈ ਗਰੰਟੀ ਨਹੀਂ ਹੈ ਕਿ ਇਸ ਤਰ੍ਹਾਂ ਫਿਰ ਨਹੀਂ ਹੋਵੇਗਾ, ਜਦ ਤੱਕ ਸੱਚਾਈ ਨੂੰ ਸਾਬਤ ਨਹੀਂ ਕੀਤਾ ਜਾਂਦਾ ਤੇ ਗੁਨਾਹਗਾਰਾਂ 'ਤੇ ਮੁਕੱਦਮਾ ਚਲਾ ਕੇ ਉਨ੍ਹਾਂ ਨੂੰ ਸਜ਼ਾ ਨਹੀਂ ਦਿੱਤੀ ਜਾਂਦੀ।

ਕਿਸੇ ਖਾਸ ਧਰਮ ਦੇ ਲੋਕਾਂ ਖਿਲਾਫ ਹਿੰਸਾ ਅਯੋਜਤ ਕਰਨਾ, ਨਫ਼ਰਤ ਤੇ ਗੁੱਸਾ ਫੈਲਾਉਣਾ, ਫਿਰ ਸ਼ਾਂਤੀ ਤੇ ਸਦਭਾਵਨਾ ਦਾ ਢੋਂਗ ਕਰਨਾ, ਇਹ ਜਨਤਾ ਨੂੰ ਵੰਡ ਕੇ ਸ਼ਾਸਨ ਕਰਨ ਦਾ ਉਹ ਤਰੀਕਾ ਹੈ ਜੋ ਬਸਤੀਵਾਦੀ ਹਕੂਮਤ ਦੇ ਦੌਰਾਨ ਸ਼ੁਰੂ ਹੋਇਆ ਸੀ। 1947 ਦੇ ਬਾਅਦ ਤੋਂ ਅੱਜ ਤੱਕ, ਹਿੰਦੁਸਤਾਨ ਦੇ ਸ਼ਾਸਕ ਪੂੰਜੀਪਤੀ ਵਰਗ ਤੇ ਉਸ ਦੀਆਂ ਪ੍ਰਮੁੱਖ ਪਾਰਟੀਆਂ ਨੇ ਇਸ ਢੰਗ ਨੂੰ ਬਹੁਤ ਹੀ ਕੁਸ਼ਲ ਬਣਾ ਦਿੱਤਾ ਹੈ।

ਬੀਤੇ 25 ਵਰ੍ਹਿਆਂ ਦਾ ਤਜਰਬਾ ਇਹ ਸਪੱਸ਼ਟ ਕਰਦਾ ਹੈ ਕਿ ਮੌਜੂਦਾ ਨਿਆਂ ਪ੍ਰਣਾਲੀ ਦੇ ਅੰਦਰ ਕਿਸ ਤਰ੍ਹਾਂ ਰਾਜਨੀਤਕ ਅਪਰਾਧਾਂ 'ਤੇ ਪਰਦਾ ਪਾਇਆ ਜਾਂਦਾ ਹੈ। ਨਿਆ ਪ੍ਰਣਾਲੀ 'ਚ ਪੂਰੇ ਮਾਮਲੇ ਨੂੰ ਸਿਰਫ ਇਥੇ ਤੱਕ ਹੀ ਸੀਮਿਤ ਕੀਤਾ ਜਾਂਦਾ ਹੈ ਕਿ ਬਲਾਤਕਾਰ ਜਾਂ ਕਤਲ ਦੇ ਖਾਸ ਕਾਂਡਾਂ ਦਾ ਸਬੂਤ ਦੇਣ ਦੇ ਲਈ ਕੋਈ ਚਸ਼ਮਦੀਦ ਗਵਾਹ ਮਿਲਦਾ ਹੈ ਜਾਂ ਨਹੀਂ। ਸਬੂਤ ਦੇਣ ਦੀ ਕੋਸ਼ਿਸ਼ ਕਰਨ ਵਾਲਿਆਂ ਨੂੰ ਡਰਾਇਆ-ਧਮਕਾਇਆ ਜਾਂਦਾ ਹੈ ਜਾਂ ਝੂਠ ਬੋਲਣ ਦੇ ਲਈ ਉਨ੍ਹਾਂ ਨੂੰ ਰਿਸ਼ਵਤ ਦਿੱਤੀ ਜਾਂਦੀ ਹੈ। ਵੱਡੇ-ਵੱਡੇ ਨੇਤਾ ਜੱਜਾਂ ਨੂੰ ਰਿਸ਼ਵਤ ਖਵਾਉਂਦੇ ਹਨ, ਕਿਉਂਕਿ ਉਨ੍ਹਾਂ ਨੇਤਾਵਾਂ ਦੇ ਕੋਲ ਬਹੁਤ ਕੁਝ ਲੁਕਾਉਣ ਲਈ ਹੈ ਤੇ ਉਹ ਨਹੀਂ ਚਾਹੁੰਦੇ ਕਿ ਸੱਚਾਈ ਬਾਹਰ ਆਵੇ।

ਸੱਤਾ 'ਚ ਬੈਠੇ ਸ਼ਾਸਕਾਂ ਵੱਲੋਂ ਅਯੋਜਤ ਜਨਸੰਹਾਰ ਦੇ ਮਾਮਲਿਆਂ 'ਚ ਅਪਰਾਧੀ ਸਿਰਫ਼ ਉਹ ਗੁੰਡੇ ਨਹੀਂ ਹਨ ਜਿਨ੍ਹਾਂ ਨੇ ਲੋਕਾਂ 'ਤੇ ਆਪਣੇ ਘਿਨਾਉਣੇ ਕੰਮ ਕੀਤੇ। ਅਪਰਾਧੀ ਤਾਂ ਅਯੋਜਕ ਹਨ, ਉਹ ਪਾਰਟੀ ਜਾਂ ਦਲ ਹਨ ਜਿਸਨੇ ਆਪਣੇ ਰਾਜਨੀਤਕ ਫਾਇਦੇ ਦੇ ਲਈ ਉਸ ਜਨਸੰਹਾਰ ਨੂੰ ਅਯੋਜਤ ਕੀਤਾ ਸੀ। ਰਾਜਨੀਤਕ ਅਪਰਾਧਾਂ ਦੇ ਲਈ ਰਾਜਨੀਤਕ ਮੁਕੱਦਮੇ ਦੀ ਜ਼ਰੂਰਤ ਹੈ। ਜਨਸੰਹਾਰ ਨੂੰ ਅਲਗ-ਅਲਗ ਕਤਲ ਦੇ ਮਾਮਲਿਆਂ ਦੇ ਸਮੂਹ ਦੀ ਤਰ੍ਹਾਂ ਨਹੀਂ ਮੰਨਿਆ ਜਾ ਸਕਦਾ।

ਜਿਨ੍ਹਾਂ ਨੂੰ ਕਨੂੰਨਾਂ ਤੇ ਨਾਗਰਿਕਾਂ ਦੇ ਜੀਵਨ ਦੀ ਰੱਖਿਆ ਦੀ ਜ਼ਿੰਮੇਵਾਰੀ ਦਿੱਤੀ ਜਾਂਦੀ ਹੈ, ਜਦ ਉਹ ਹੀ ਸੜਕਾਂ 'ਤੇ ਮਾਰੇ ਜਾ ਰਹੇ ਲੋਕਾਂ ਨੂੰ ਦੇਖਦੇ ਹੋਏ ਨਜ਼ਰ ਫੇਰ ਲੈਂਦੇ ਹਨ, ਤਾਂ ਸ਼ਾਸਕਾਂ ਨੂੰ ਇਸ ਦਾ ਜਵਾਬ ਦੇਣਾ ਪੈਂਦਾ ਹੈ। ਇਸ ਨੂੰ ਕਮਾਨ ਦੀ ਜ਼ਿੰਮੇਵਾਰੀ ਕਿਹਾ ਜਾਂਦਾ ਹੈ। ਜ਼ਿੰਮੇਵਾਰ ਪਾਰਟੀ ਦੇ ਨੇਤਾਵਾਂ ਨੂੰ ਕਟਿਹਰੇ 'ਚ ਖੜ੍ਹਾ ਕਰਨਾ ਹੋਵੇਗਾ, ਨਾ ਸਿਰਫ਼ ਕਿਸੇ ਇਸ ਤਰ੍ਹਾਂ ਦੇ ਵਿਅਕਤੀ ਨੂੰ, ਜਿਸ ਨੇ ਕਿ ਉੱਪਰ ਤੋਂ ਦਿੱਤੇ ਗਏ ਆਦੇਸ਼ ਨੂੰ ਲਾਗੂ ਕੀਤਾ ਹੋਵੇ।

ਹਿੰਦੁਸਤਾਨ ਦੀ ਕਮਿਊਨਿਸਟ ਗਦਰ ਪਾਰਟੀ ਸਾਰੇ ਕਮਿਊਨਿਸਟਾਂ, ਕ੍ਰਾਂਤੀਕਾਰੀਆਂ, ਜਨਵਾਦੀ ਵਿਚਾਰ ਵਾਲੇ ਤੇ ਮਾਨਵ ਅਧਿਕਾਰਾਂ ਦੀ ਹਿਫ਼ਾਜ਼ਤ ਕਰਨ ਵਾਲਿਆਂ ਨੂੰ ਬੇਨਤੀ ਕਰਦੀ ਹੈ ਕਿ 1984 ਦੇ ਜਨਸੰਹਾਰ ਦੀ ਸੱਚਾਈ ਨੂੰ ਲੁਕਾਉਣ ਦੇ ਅਨਿਆਂ ਦੇ ਖਿਲਾਫ਼ ਅਸੀਂ ਸਭ ਮਿਲ ਕੇ ਆਵਾਜ਼ ਉਠਾਈਏ। ਅਨਿਆਂ ਦੇ ਖਿਲਾਫ਼ ਸੰਘਰਸ਼ 'ਚ ਕਮਿਊਨਿਸਟਾਂ ਨੂੰ ਅੱਗੇ ਹੋਣਾ ਹੋਵੇਗਾ। ਸੱਚਾਈ ਹਮੇਸ਼ਾ ਦੇ ਲਈ ਲੁਕੀ ਨਹੀਂ ਰਹਿ ਸਕਦੀ। ਅਪਰਾਧੀਆਂ ਨੂੰ ਹਮੇਸ਼ਾ ਹਿੰਦੁਸਤਾਨ ਉੱਤੇ ਸ਼ਾਸਨ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ■

# ਦਿੱਲੀ ਸਰਕਾਰ ਦੇ ਖਿਲਾਫ ਮਜਦੂਰਾਂ ਦਾ ਵਿਸ਼ਾਲ ਸੰਯੁਕਤ ਮੁਜ਼ਾਹਰਾ

28 ਅਕਤੂਬਰ 2009 ਨੂੰ, ਕਿਰਤ ਕਨੂੰਨਾਂ ਦੇ ਉਲੰਘਣ ਅਤੇ ਵਧਦੀ ਮਹਿੰਗਾਈ ਦੇ ਖਿਲਾਫ, ਦੇਸ਼ ਦੀਆਂ ਸੱਭ ਕੇਂਦਰੀ ਅਤੇ ਹੋਰ ਟਰੇਡ ਯੂਨੀਅਨਾਂ ਦੀ ਅਗਵਾਈ ਵਿੱਚ, ਦਿੱਲੀ ਸਰਕਾਰ ਦੇ ਖਿਲਾਫ ਇੱਕ ਵਿਸ਼ਾਲ ਮੁਜ਼ਾਹਰਾ ਜਥੇਬੰਦ ਕੀਤਾ ਗਿਆ। ਇਹਦੇ 'ਚ ਹਜ਼ਾਰਾਂ ਦੀ ਗਿਣਤੀ 'ਚ ਮਜਦੂਰ ਸ਼ਾਮਲ ਹੋਏ।

ਵਰਨਣਯੋਗ ਹੈ ਕਿ ਕੇਂਦਰ ਸਰਕਾਰ ਦੀਆਂ ਮਜ਼ਦੂਰ-ਵਿਰੋਧੀ ਨੀਤੀਆਂ ਦੇ ਖਿਲਾਫ ਦੇਸ਼-ਭਰ ਦੀਆਂ ਕੇਂਦਰੀ ਟਰੇਡ ਯੂਨੀਆਂ ਨੇ 14 ਸਤੰਬਰ, 2009 ਦੇ ਸੰਮੇਲਨ ਵਿੱਚ ਫੈਸਲਾ ਕੀਤਾ ਸੀ ਕਿ ਵੱਖ-ਵੱਖ ਸੂਬਿਆਂ ਵਿੱਚ ਇਨ੍ਹਾਂ ਨੀਤੀਆਂ ਦੇ ਖਿਲਾਫ ਵਿਖਾਵੇ ਕੀਤੇ ਜਾਣਗੇ। ਇਹ ਮੁਜ਼ਾਹਰਾ ਉਸੇ ਪ੍ਰੋਗਰਾਮ ਦਾ ਇੱਕ ਹਿੱਸਾ ਸੀ।

ਸਭ ਮਜਦੂਰ ਨੇ ਫਿਰੋਜਸ਼ਾਹ ਕੋਟਲਾ ਮੈਦਾਨ ਵਿੱਚ ਇਕੱਤਰ ਹੋਕੇ, ਜਲੂਸ ਦੀ ਸ਼ਕਲ ਵਿੱਚ, ਦਿੱਲੀ ਸਰਕਾਰ ਸਕੱਤਰੇਤ ਵੱਲ ਕੂਚ ਕੀਤਾ। ਮਜਦੂਰ ਆਪੋ-ਆਪਣੇ ਸੰਗਠਨਾਂ ਦੇ ਬੈਨਰ ਹੱਥਾਂ 'ਚ ਲੈਕੇ, "ਮਜਦੂਰ ਏਕਤਾ ਜਿੰਦਾਬਾਰ!", "ਕਿਰਤ ਕਨੂੰਨਾਂ ਦੀ ਉਲੰਘਣਾ ਬੰਦ ਕਰੋ!", "ਮਹਿੰਗਾਈ ਉੱਤੇ ਰੋਕ ਲਗਾਵੋ!", "ਦਿੱਲੀ ਸਰਕਾਰ-ਮੁਰਦਾਬਾਦ!", "ਇਨਕਲਾਬ-ਜਿੰਦਾਬਾਦ!" ਦੇ ਨਾਹਰੇ ਲਗਾ ਰਹੇ ਸਨ।

ਪੁਲਸ ਦੇ ਭਾਰੀ ਬੰਦੋਬਸਤ ਨਾਲ ਜਲੂਸ ਨੂੰ ਬਹਾਦਰ ਸ਼ਾਹ ਜ਼ਫਰ ਮਾਰਗ ਤੇ ਆਈ.ਟੀ.ਓ. ਦੇ ਨੇੜੇ ਰੋਕ ਦਿੱਤਾ ਗਿਆ। ਉਥੇ ਇਹ ਜਲੂਸ ਇੱਕ ਜਨਤਕ ਸਭਾ 'ਚ ਬਦਲ ਗਿਆ।

ਇਸ ਸਭਾ ਦਾ ਸੰਚਾਲਨ, ਹਿੰਦ ਮਜਦੂਰ ਸਭਾ ਦੇ ਕਾਮਰੇਡ ਹਰਭਜਨ ਸਿੰਘ ਸਿੱਧੂ ਨੇ ਕੀਤਾ। ਉਥੇ ਹਾਜ਼ਰ ਸੱਭ ਕੇਂਦਰੀ ਅਤੇ ਸੂਬਾਈ ਟਰੇਡ ਯੂਨੀਅਨ ਆਗੂਆਂ ਨੇ ਸਭਾ ਨੂੰ ਸੰਬੋਧਤ ਕੀਤਾ।

ਮਜਦੂਰ ਏਕਤਾ ਕਮੇਟੀ ਦੇ ਤਰਫੋਂ ਬਿਰਜੂ ਨਾਇਕ ਨੇ ਸਭਾ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮਜਦੂਰ ਜਮਾਤ ਦੇ ਹਿੱਤ ਨੂੰ ਲੈਕੇ ਅੱਜ ਸੱਭ ਕੇਂਦਰੀ ਟਰੇਡ ਯੂਨੀਅਨਾਂ ਇੱਕ ਹੋਕੇ ਅੱਗੇ ਆਈਆਂ ਹਨ, ਇਹ ਏਕਤਾ ਇੱਕ ਬਹੁਤ ਹੀ ਮਹੱਤਵਪੂਰਨ ਕਦਮ ਹੈ। ਅੱਜ ਸਰਕਾਰ, ਦੇਸੀ-ਵਿਦੇਸ਼ੀ ਸਰਮਾਏਦਾਰਾਂ ਦੇ ਮੁਨਾਫਿਆਂ ਨੂੰ ਤੇਜ਼ੀ ਨਾਲ ਵਧਾਉਣ ਲਈ, ਮਜਦੂਰਾਂ ਦੇ ਸੱਭ ਅਧਿਕਾਰਾਂ ਦੀ ਉਲੰਘਣਾ ਕਰ ਰਹੀ ਹੈ। ਸਰਕਾਰ ਸਮਝਦੀ ਹੈ ਕਿ ਹਿੰਦੋਸਤਾਨੀ ਸਰਮਾਏਦਾਰਾਂ



ਦੇ ਵਿਸ਼ਵ ਪੱਧਰ ਤੇ ਛਾ ਜਾਣ ਦੇ ਯਤਨਾਂ ਦੇ ਰਾਹ ਵਿੱਚ, ਮਜਦੂਰਾਂ ਦੇ ਅਧਿਕਾਰ ਇੱਕ ਵੱਡੀ ਰੁਕਾਵਟ ਖੜੀ ਕਰ ਰਹੇ ਹਨ। ਏਸੇ ਲਈ ਉਹ ਇਨ੍ਹਾਂ ਅਧਿਕਾਰਾਂ ਉੱਤੇ ਸਭ-ਤਰਫਾ ਹਮਲੇ ਕਰ ਰਹੀ ਹੈ। ਸਾਨੂੰ ਮਜਦੂਰਾਂ ਨੂੰ ਆਪਣੇ ਅਧਿਕਾਰਾਂ ਦੀ ਰਖਵਾਲੀ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ, ਕਿਉਂਕਿ ਇਹ ਅਧਿਕਾਰ ਸਾਨੂੰ ਐਵੇਂ ਹੀ ਨਹੀਂ ਮਿਲ ਗਏ ਸਨ, ਬਲਕਿ ਇਨ੍ਹਾਂ ਨੂੰ ਪ੍ਰਾਪਤ ਕਰਨ ਲਈ ਸਾਡੇ ਹਜ਼ਾਰਾਂ ਹੀ ਮਜਦੂਰਾਂ ਨੇ ਅਣਥੱਕ ਸੰਘਰਸ਼ ਕੀਤੇ ਅਤੇ ਬੇਸ਼ੁਮਾਰ ਕੁਰਬਾਨੀਆਂ ਦਿੱਤੀਆਂ ਹਨ। ਮੈਂ ਸਮਝਦਾ ਹਾਂ ਕਿ ਸੱਭ ਟਰੇਡ ਯੂਨੀਅਨਾਂ ਦੀ ਇਹ ਏਕਤਾ, ਮਜਦੂਰ ਅੰਦੋਲਨ ਨੂੰ ਅੱਗੇ ਲਿਜਾਣ 'ਚ ਇੱਕ ਮੀਲ-ਪੱਥਰ ਸਾਬਤ ਹੋਵੇਗੀ।

ਇੰਟਕ ਦੇ ਪ੍ਰਧਾਨ, ਡੀ.ਸੰਜੀਵਾ ਰੈਡੀ, ਨੇ ਸਭਾ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਯੂਨੀਅਨ ਕੇਂਦਰ ਸਰਕਾਰ ਕੋਲ ਮਜਦੂਰਾਂ ਦੀਆਂ ਸਮੱਸਿਆਵਾਂ ਰੱਖੇਗੀ।

ਏਟਕ ਦੇ ਮੁੱਖ ਸਕੱਤਰ, ਕਾਮਰੇਡ ਗੁਰੂਦਾਸ ਦਾਸ ਗੁਪਤਾ ਨੇ ਕਿਹਾ ਕਿ ਕੇਂਦਰ ਸਰਕਾਰ ਦੀਆਂ ਮਜਦੂਰ-ਵਿਰੋਧੀ ਨੀਤੀਆਂ ਦੇ ਖਿਲਾਫ, ਪਾਰਲੀਮੈਂਟ ਦੇ ਅਗਲੇ ਇਜ਼ਲਾਸ ਦੁਰਾਨ, ਸਾਰੇ ਮਜਦੂਰ ਸੰਗਠਨ ਮਿਲਕੇ ਪਾਰਲੀਮੈਂਟ ਸਾਹਮਣੇ ਧਰਨਾ ਦੇਣਗੇ। ਇਸ ਐਕਸ਼ਨ ਦੀ ਤਰੀਕ ਜਲਦੀ ਹੀ ਘੋਸ਼ਿਤ ਕੀਤੀ ਜਾਵੇਗੀ।

ਹਿੰਦ ਮਜਦੂਰ ਸਭਾ ਦੇ ਮੁੱਖ ਸਕੱਤਰ, ਰਾਮਰਾਓ ਪ੍ਰੋਹਿਤ ਨੇ ਕਿਹਾ ਕਿ ਅੱਜ ਹਿੰਦੋਸਤਾਨ ਦੇ ਮਿਹਨਤਕਸ਼ ਇੱਕ ਔਖੇ ਵਕਤ 'ਚੋਂ ਗੁਜਰ ਰਹੇ ਹਨ। ਇੱਕ ਤਰਫ਼ ਨੌਕਰੀ ਦਾ ਸੰਕਟ ਅਤੇ ਦੂਸਰੀ ਤਰਫ਼ ਮਹਿੰਗਾਈ—ਸੱਭ ਪਾਸਿਆਂ ਤੋਂ ਮਜਦੂਰ ਜਮਾਤ ਉੱਤੇ

**ਬਾਕੀ ਸਫਾ 9 'ਤੇ**



# ਆਪਣੇ ਸਾਥੀ ਦੀ ਮੌਤ ਦੇ ਖਿਲਾਫ ਗੁੜਗਾਵਾਂ ਦੇ ਮਜਦੂਰਾਂ ਦੀ ਹੜਤਾਲ

20 ਅਕਤੂਬਰ 2009 ਨੂੰ, ਗੁੜਗਾਵਾਂ-ਮਨੇਸਰ ਉਦਯੋਗਕ ਖੇਤਰ ਦੇ ਆਟੋਮੋਬਾਇਲ ਪੁਰਜ਼ੇ ਬਣਾਉਣ ਵਾਲੇ 70 ਤੋਂ ਅਧਿਕ ਕਾਰਖਾਨਿਆਂ ਦੇ ਇੱਕ ਲੱਖ ਤੋਂ ਵਧੇਰੇ ਮਜਦੂਰਾਂ ਨੇ ਹੜਤਾਲ ਕੀਤੀ। ਇਸ ਹੜਤਾਲ ਵਿੱਚ ਰਿਕੋ ਆਟੋ, ਹੌਂਡਾ ਮੋਟਰਸਾਈਕਲ ਐਂਡ ਸਕੂਟਰਜ਼ ਇੰਡੀਆ, ਮਾਈਕ੍ਰੋਟਿਕ ਲਯੂਮੈਕਸ, ਸਨਬੀਮ, ਸੋਨਾ ਅਤੇ ਕਾਪਾਰੋ ਮਰੂਤੀ ਦੇ ਮਜਦੂਰ ਸ਼ਾਮਲ ਹੋਏ। ਇਹ ਮਜਦੂਰ ਆਪਣੇ ਇੱਕ ਸਾਥੀ, 26 ਵਰ੍ਹਿਆਂ ਦੇ ਅਜੀਤ ਯਾਦਵ ਦੀ ਮੌਤ ਤੇ ਗੁੱਸਾ ਪ੍ਰਗਟ ਕਰਨ ਲਈ ਇਹ ਰੋਸ-ਹੜਤਾਲ ਕਰ ਰਹੇ ਸਨ, ਜਿਸਦੀ ਕਿ ਰਿਕੋ ਆਟੋ ਪਲਾਂਟ ਵਿੱਚ 18 ਅਕਤੂਬਰ ਨੂੰ ਮੌਤ ਹੋ ਗਈ ਸੀ। ਇੱਕ ਮਜਦੂਰ ਦੇ ਦੱਸਣ ਅਨੁਸਰ, ਅਜੀਤ ਯਾਦਵ ਦੀ ਮੌਤ ਪੁਲਸ ਲਾਠੀਚਾਰਚ 'ਚ ਹੋਈ, ਜਦੋਂ ਮੈਨੇਜਮੈਂਟ ਵਲੋਂ ਪਲਾਂਟ ਦੇ ਮਜਦੂਰਾਂ ਦੀ ਹੜਤਾਲ ਤੋੜਨ ਲਈ ਲਿਆਂਦੇ ਗੁੰਡਿਆਂ ਅਤੇ ਮਜਦੂਰਾਂ 'ਚ ਝੜਪ ਹੋ ਗਈ ਸੀ ਅਤੇ ਗੁੰਡਿਆਂ ਨੂੰ ਬਚਾਉਣ ਲਈ ਪੁਲਸ ਨੇ ਲਾਠੀਚਾਰਜ ਕੀਤਾ ਸੀ। ਇਸ ਲਾਠੀਚਾਰਜ ਨਾਲ ਬਹੁਤ ਸਾਰੇ ਮਜਦੂਰ ਜ਼ਖਮੀ ਹੋ ਗਏ ਸਨ ਅਤੇ ਅਜੀਤ ਯਾਦਵ ਮਾਰਿਆ ਗਿਆ ਸੀ। ਇਸ ਘਟਨਾ ਦੀ ਨਿਰਪੱਖ ਜਾਂਚ ਕਰਵਾਉਣ ਤੇ ਅਜੀਤ ਯਾਦਵ ਨੂੰ ਮਾਰਨ ਵਾਲਿਆਂ ਨੂੰ ਗ੍ਰਿਫਤਾਰ ਕਰਨ ਅਤੇ ਸਜ਼ਾ ਦੇਣ ਦੀ ਮੰਗ ਨੂੰ ਲੈਕੇ ਇਹ ਹੜਤਾਲ ਕੀਤੀ ਗਈ ਸੀ। ਉਹ ਮਾਰੇ ਗਏ ਸਾਥੀ ਦੇ ਪ੍ਰੀਵਾਰ ਨੂੰ 25 ਲੱਖ ਰੁਪਏ ਮਆਵਜ਼ਾ ਦੇਣ ਅਤੇ ਉਸਦੇ ਪ੍ਰੀਵਾਰ ਦੇ ਇੱਕ ਵਿਅਕਤੀ ਨੂੰ ਕੰਪਣੀ ਵਿੱਚ ਨੌਕਰੀ ਦੇਣ ਦੀ ਵੀ ਮੰਗ ਕਰ ਰਹੇ ਹਨ।

ਗੌਰਤਲਬ ਹੈ ਕਿ ਗੁੜਗਾਵਾਂ-ਮਨੇਸਰ ਉਦਯੋਗਕ ਖੇਤਰ 'ਚ ਮੋਟਰ ਗੱਡੀਆਂ ਦੇ ਪੁਰਜ਼ੇ ਬਣਾਉਣ ਵਾਲੇ ਕਾਰਖਾਨਿਆਂ ਦੇ ਮਜ਼ਦੂਰ, ਪਿਛਲੇ ਕਈ ਮਹੀਨਿਆਂ ਤੋਂ ਆਪਣੀ ਮੰਗਾਂ ਲਈ ਸੰਘਰਸ਼ ਕਰ ਰਹੇ ਹਨ।(ਇਸ ਬਾਰੇ ਅਲੱਗ ਰਿਪ੍ਰੋਟ ਏਸੇ ਅੰਕ 'ਚ ਦੇਖੋ)। ਉਹ ਮੰਗ ਕਰ ਰਹੇ ਹਨ ਕਿ ਉਨ੍ਹਾਂ ਨੂੰ ਆਪਣੀਆਂ ਯੂਨੀਅਨਾਂ ਬਣਾਉਣ ਦਾ ਅਧਿਕਾਰ ਹੋਣਾ ਚਾਹੀਦਾ ਹੈ, ਉਨ੍ਹਾਂ ਦੀਆਂ ਤਨਖਾਹਾਂ ਵਧਾਈਆਂ ਜਾਣ ਅਤੇ ਠੇਕੇ ਤੇ ਕੰਮ ਕਰਵਾਉਣਾ ਬੰਦ ਕੀਤਾ ਜਾਵੇ। ਰਿਕੋ ਕੰਪਣੀ ਦੇ 16 ਮਜਦੂਰਾਂ ਨੂੰ, ਸੰਘਰਸ਼ ਵਿੱਚ ਹਿੱਸਾ ਲੈਣ ਕਰਕੇ ਬਰਖਾਸਤ ਕਰ ਦਿੱਤਾ ਗਿਆ ਸੀ। ਮਜਦੂਰ ਇਨ੍ਹਾਂ ਦੀ ਬਰਖਾਸਤਗੀ ਵਾਪਸ ਲੈਣ ਦੀ ਮੰਗ ਵੀ ਕਰ ਰਹੇ ਹਨ।

ਮਜਦੂਰ ਦੱਸਦੇ ਹਨ ਕਿ ਇਸ ਖੇਤਰ ਦੇ ਕਾਰਖਾਨਿਆਂ ਦੇ ਮਾਲਕ, ਮਜਦੂਰਾਂ ਨੂੰ ਡਰਾਉਣ-ਧਮਕਾਉਣ ਲਈ ਹਥਿਆਰਬੰਦ ਸੁਰੱਖਿਆ ਗਾਰਡਾਂ (ਗੁੰਡਿਆਂ) ਦੀ ਸ਼ਰੇਆਮ ਵਰਤੋਂ ਕਰਦੇ ਹਨ। ਇਹ ਸੱਭ ਪੁਲਸ ਅਧਿਕਾਰੀਆਂ ਦੀ ਮਿਲੀ-ਭੁਗਤ ਨਾਲ ਕੀਤਾ ਜਾਂਦਾ ਹੈ ਅਤੇ ਪੁਲਸ ਉਲਟਾ ਮਜਦੂਰਾਂ ਉੱਤੇ ਝੂਠੇ ਕੇਸ ਦਰਜ਼ ਕਰਦੀ ਹੈ। ਮਿਸਾਲ ਦੇ ਤੌਰ ਤੇ 12 ਮਜਦੂਰਾਂ ਖਿਲਾਫ "ਜਾਨੋ ਮਾਰਨ ਦੀ ਕੋਸ਼ਸ਼" ਅਤੇ "ਧਮਕੀ ਦੇਣ" ਦੇ ਝੂਠੇ ਦੋਸ਼ਾਂ ਹੇਠ ਕੇਸ ਦਰਜ਼ ਕੀਤੇ ਗਏ ਹਨ।



ਇਸ ਸਮੁੱਚੇ ਇਲਾਕੇ ਦੇ ਵੱਖ-ਵੱਖ ਕਾਰਖਾਨਿਆਂ ਦੇ ਮਜਦੂਰ ਇੱਕਜੁੱਟ ਹੋ ਰਹੇ ਹਨ। ਇਸਦੀ ਇੱਕ ਮਿਸਾਲ ਇਸ ਤੱਥ ਤੋਂ ਮਿਲਦੀ ਹੈ ਕਿ ਰਿਕੋ ਆਟੋ ਦੇ ਮਜਦੂਰਾਂ ਵਲੋਂ ਆਪਣੇ ਸ਼ਹੀਦ ਸਾਥੀ ਲਈ ਕੀਤੀ ਗਈ ਸ਼ੋਕ ਸਭ ਵਿੱਚ ਇਲਾਕੇ ਦੇ 5000 ਤੋਂ ਵਧੇਰੇ ਮਜਦੂਰ ਸ਼ਾਮਲ ਹੋਏ ਸਨ।

ਏਸ ਦੁਰਾਨ ਸੂਬੇ ਦੇ ਕਿਰਤ ਮੰਤਰੀ, ਕਿਰਤ ਕਮਿਸ਼ਨਰ ਅਤੇ ਸੱਭ ਕਾਰਖਾਨਿਆਂ ਦੇ ਮਾਲਕ ਪਿੱਟ ਰਹੇ ਹਨ ਕਿ ਇਸ ਸੰਘਰਸ਼ ਅਤੇ ਹੜਤਾਲ ਕਾਰਨ, ਉਤਪਾਦਨ 'ਚ ਬਹੁਤ ਨੁਕਸਾਨ ਹੋਇਆ ਹੈ, ਅਤੇ ਜੇਕਰ ਹੜਤਾਲ / ਸੰਘਰਸ਼ ਚਲਦੇ ਰਹੇ ਤਾਂ ਅਨੇਕ ਆਟੋ ਕੰਪਣੀਆਂ ਉਤੇ ਅਸਰ ਪਏਗਾ ਜਿਹੜੀਆਂ ਇਨ੍ਹਾਂ ਸੱਭ ਯੁਨਿਟਾਂ ਤੋਂ ਪੁਰਜ਼ੇ ਬਣਵਾਉਂਦੀਆਂ ਹਨ।

ਜਿਵੇਂ ਕਿ ਦੇਸ਼ ਦੇ ਅਨੇਕ ਪੁਰਾਣੇ ਅਤੇ ਨਵੇਂ ਉਦਯੋਗਕ ਖੇਤਰਾਂ 'ਚ ਨਜ਼ਰ ਆ ਰਿਹਾ ਹੈ, ਗੁੜਗਾਵਾਂ-ਮਨੇਮਰ ਉਦਯੋਗਕ ਖੇਤਰ ਦੇ ਕਾਰਖਨਿਆਂ ਵਿੱਚ ਭੀ ਨੌਜਵਾਨ ਅਤੇ ਸਿੱਖਿਅਤ ਮਜਦੂਰ, ਹਿੰਦੋਸਤਾਨੀ ਅਤੇ ਵਿਦੇਸ਼ੀ ਸਰਮਾਏਦਾਰਾਂ ਹੱਥੋਂ ਆਪਣੀ ਲੁੱਟ-ਖਸੁੱਟ ਦੇ ਖਿਲਾਫ ਸੰਗਠਿਤ ਹੋਣ ਲਈ ਯਤਨਸ਼ੀਨ ਹਨ। ਇਨ੍ਹਾਂ ਸੱਭ ਮਾਮਲਿਆਂ ਵਿੱਚ ਹਕੂਮਤ ਸ਼ਰੇਆਮ ਸਰਮਾਏਦਾਰਾਂ ਦੀ ਤਰਫਦਾਰੀ ਕਰ ਰਹੀ ਹੈ ਅਤੇ "ਨਿਵੇਸ਼ਕਾਂ ਲਈ ਵਧੀਆ ਮਹੌਲ" ਬਨਾਉਣ ਦੇ ਨਾਂ ਤੇ ਮਜਦੂਰਾਂ ਉੱਤੇ ਹਮਲਿਆਂ ਨੂੰ ਜ਼ਾਇਜ ਕਰਾਰ ਦੇ ਰਹੀ ਹੈ, ਅਤੇ ਉਨ੍ਹਾਂ ਦੇ ਸੰਗਠਿਤ ਹੋਣ ਅਤੇ ਹੜਤਾਲ ਕਰਨ ਦੇ ਅਧਿਕਾਰਾਂ ਦਾ ਘਾਣ ਕਰ ਰਹੀ ਹੈ।

ਯੂਨੀਅਨ ਬਨਾਉਣ ਦਾ ਅਧਿਕਾਰ ਅਤੇ ਹੜਤਾਲ ਤੇ ਜਾਣ ਦਾ ਅਧਿਕਾਰ, ਮਜਦੂਰਾਂ ਦੇ ਦੋ ਬੁਨਿਆਦੀ ਅਧਿਕਾਰ ਹਨ। ਜਿਵੇਂ ਕਿ ਗੁੜਗਾਵਾਂ-ਮਨੇਮਰ ਖੇਤਰ ਦੇ ਮਜਦੂਰਾਂ ਦਾ ਸੰਘਰਸ਼ ਦਿਖਾ ਰਿਹਾ ਹੈ, ਮਜਦੂਰਾਂ ਦੇ ਕੋਲ ਆਪਣੀ ਲੁੱਟ ਦੇ ਖਿਲਾਫ ਲੜਨ ਅਤੇ ਸਰਮਾਏਦਾਰਾਂ ਅਤੇ ਰਾਜ ਦੀ ਪੂਰੀ ਮਸ਼ੀਨਰੀ ਨੂੰ ਠੱਪ ਕਰਨ ਦੀ ਕਾਬਲੀਅਤ ਹੈ। ਲੋੜ ਹੈ ਤਾਂ ਸਿਰਫ ਇਸ ਚੀਜ਼ ਦੀ ਕਿ ਕਮਿਊਨਿਸਟ ਇਸ ਸੰਘਰਸ਼ ਵਿੱਚ ਉਨ੍ਹਾਂ ਨੂੰ ਅਗਵਾਈ ਦੇਣ ਲਈ ਅੱਗੇ ਆਉਣ। ■

# ਗੁੜਗਾਂਓਂ-ਮਨੇਸਰ ’ਚ ਮੋਟਰ ਵਾਹਨ ਸਹਾਇਕ ਫੈਕਟਰੀਆਂ ਦੇ ਮਜ਼ਦੂਰ ਸੰਘਰਸ਼ ਦੀ ਰਾਹ ’ਤੇ

ਅਕਤੂਬਰ ਦੇ ਸ਼ੁਰੂ ’ਚ, ਲਗਾਤਾਰ 6 ਦਿਨਾਂ ਤੱਕ ਹਰਿਆਣਾ ਦੇ ਗੁੜਗਾਓਂ-ਮਨੇਸਰ ਉਦਯੋਗਿਕ ਖੇਤਰ ਦੀ ਮੋਟਰ ਵਾਹਨ ਸਹਾਇਕ ਫੈਕਟਰੀਆਂ ਦੇ ਲਗਭਗ 25,000-30,000 ਮਜ਼ਦੂਰਾਂ ਨੇ ਆਪਣਾ ਸੰਘਰਸ਼ ਚਲਾਇਆ। ਇਸ ਸੰਘਰਸ਼ ਨਾਲ ਉਨ੍ਹਾਂ ਨੇ ਪ੍ਰਮੁੱਖ ਮੋਟਰ ਵਾਹਨ ਕੰਪਨੀਆਂ ਨੂੰ ਮੋਟਰ ਪੁਰਜ਼ਿਆਂ ਦੀ ਸਪਲਾਈ ਠੱਪ ਕਰ ਦਿੱਤੀ।



ਗੁੜਗਾਓਂ ਦੇ ਸਾਰੇ ਟ੍ਰੇਡ ਯੂਨੀਅਨਾਂ ਦੇ ਲਗਭਗ 25,000 ਮਜ਼ਦੂਰਾਂ ਨੇ 25 ਸਤੰਬਰ ਨੂੰ ਇਕ ਵਿਸ਼ਾਲ ਰੈਲੀ ਕਰਕੇ ਮੁੱਖ ਗੁੜਗਾਓਂ ਮਹਾਂਮਾਰਗ ਨੂੰ ਰੋਕ ਦਿੱਤਾ। ਇਹ ਰੈਲੀ ਮੋਟਰ ਵਾਹਨ ਸਹਾਇਕ ਫੈਕਟਰੀਆਂ ਦੇ ਮਜ਼ਦੂਰਾਂ ਦੇ ਸਮਰਥਨ ’ਚ ਸੀ। ਇਸਤੋਂ ਪਹਿਲਾਂ, ਹਰਿਆਣਾ ਦੀ ਕਾਂਗਰਸ ਸਰਕਾਰ ਨੇ ਏਟਕ ਨੇਤਾ ਤੇ ਸਾਂਸਦ ਗੁਰੂਦਾਸ ਗੁਪਤਾ ਤੇ ਹੋਰ ਨੇਤਾਵਾਂ ਨੂੰ ਰੈਲੀ ਤੱਕ ਪਹੁੰਚਣ ਤੋਂ ਰੋਕਣ ਲਈ, ਉਨ੍ਹਾਂ ਨੂੰ ਹਿਰਾਸਤ ’ਚ ਲੈ ਕੇ ਫਿਰ ਤੋਂ ਆਪਣਾ ਖੁੱਲ੍ਹੇਆਮ ਮਜ਼ਦੂਰ ਵਿਰੋਧੀ ਰਵੱਈਆ ਦਿਖਾਇਆ।

ਗੁੜਗਾਓਂ-ਮਨੇਸਰ ਉਦਯੋਗਿਕ ਖੇਤਰ ’ਚ ਮਜ਼ਦੂਰਾਂ ਦਾ ਅੰਦੋਲਨ ਲਗਭਗ 6 ਮਹੀਨੇ ਪਹਿਲਾਂ ਸ਼ੁਰੂ ਹੋਇਆ। ਉਦੋਂ ਤੋਂ ਇਹ ਅੰਦੋਲਨ ਅਲਗ-ਅਲਗ ਰੂਪ ਨਾਲ ਚੱਲ ਰਿਹਾ ਹੈ। ਮਜ਼ਦੂਰ ਆਪਣਾ ਯੂਨੀਅਨ ਬਨਾਉਣ ਦੇ ਅਧਿਕਾਰ ਦੇ ਲਈ ਲੜ ਰਹੇ ਹਨ। ਉਹ ਚੰਗੀਆਂ ਤਨਖਾਹਾਂ ਲਈ ਵੀ ਲੜ ਰਹੇ ਹਨ।

ਗੁੜਗਾਓਂ-ਮਨੇਸਰ ਉਦਯੋਗਿਕ ਖੇਤਰ ’ਚ ਹਰ ਵਰ੍ਹੇ ਲਗਭਗ 30,000-40,000 ਕਰੋੜ ਰੁਪਏ ਦਾ ਉਤਪਾਦਨ ਹੁੰਦਾ ਹੈ। ਇਹ ਖੇਤਰ ਭਿਵਾੜੀ ਤੇ ਧਾਰੂਹੇੜਾ ਤੱਕ ਫੈਲਿਆ ਹੋਇਆ ਹੈ। ਇਸ ’ਚ ਮੁੱਖ ਮੋਟਰ ਵਾਹਨ ਪੁਰਜ਼ੇ ਸਪਲਾਇਰ ਕੰਪਨੀਆਂ, ਜਿਸ ਤਰ੍ਹਾਂ ਕਿ ਰੀਕੋ ਆਟੋ, ਸਨਬੀਮ ਆਟੋ, ਸੋਨਾ ਕੋਯੋ ਸਟੀਅਰਿੰਗ ਸਿਸਟਮਸ, ਤੇ ਮੋਟਰ ਵਾਹਨ ਨਿਰਮਾਤਾ ਜਿਸ ਤਰ੍ਹਾਂ ਕਿ ਮਾਰੂਤੀ ਸੁਜ਼ੁਕੀ ਤੇ ਹੋਂਡਾ ਮੋਟਰ ਸਾਈਕਿਲਸ ਐਂਡ ਸਕੂਟਰਸ ਇੰਡਿਆ (ਐਚ.ਐਮ. ਐਸ.ਆਈ.) ਹਨ। ਇਹ ਅੰਦੋਲਨ ਇਨ੍ਹਾਂ ਸਾਰੀਆਂ ਕੰਪਨੀਆਂ ’ਚ ਫੈਲ ਗਿਆ ਹੈ।



ਏਟਕ ਦੇ ਰਾਸ਼ਟਰੀ ਸਚਿਵ ਡੀ. ਐਲ. ਸਚਦੇਵ ਦੇ ਅਨੁਸਾਰ, ਰੀਕੋ ਆਟੋ ਦੀ ਮੈਨੇਜਮੈਂਟ ਨੇ 16 ਮਜ਼ਦੂਰਾਂ ਨੂੰ ਬਰਖਾਸਤ ਕਰ ਦਿੱਤਾ ਸੀ, ਕਿਉਂਕਿ ਉਹ ਕੰਪਨੀ ’ਚ ਆਪਣੀ ਯੂਨੀਅਨ ਦੀ ਮਾਨਤਾ ਦੀ ਮੰਗ ਕਰ ਰਹੇ ਸਨ। ਮਜ਼ਦੂਰਾਂ ਨੇ ਆਪਣੀ ਯੂਨੀਅਨ ਦੀ ਮਾਨਤਾ ਦੀ ਮੰਗ ਨੂੰ ਲੈ ਕੇ, ਅਗਸਤ ’ਚ ਹਰਿਆਣਾ ਸਰਕਾਰ ਨੂੰ ਇਕ ਪੱਤਰ ਦਿੱਤਾ ਹੈ, ਜਿਸ ’ਤੇ ਸਰਕਾਰ ਨੇ ਕੋਈ ਕਦਮ ਨਹੀਂ ਚੁੱਕਿਆ ਹੈ। ਇਸ ਦੇ ਬਾਅਦ, ਰੀਕੋ ਯੂਨਿਟ ’ਚ ਲਗਭਗ 2,500 ਮਜ਼ਦੂਰ ਤੇ ਸਨਬੀਮ ਯੂਨਿਟ ’ਚ 1,000 ਮਜ਼ਦੂਰ ਹੜਤਾਲ ’ਤੇ ਗਏ। ਸ੍ਰੀ ਸਚਦੇਵ ਨੇ ਇਹ ਵੀ ਦੱਸਿਆ ਕਿ ਟੀ.ਆਈ.ਮੇਟਲਸ, ਮਾਈਕ੍ਰੋਟੇਕ, ਐਫ.ਸੀ.ਸੀ. ਰੀਕੋ ਤੇ ਸੱਤਿਅਮ ਆਟੋ ’ਚ ਵੀ ਮਜ਼ਦੂਰ ਅੰਦੋਲਤ ਹਨ, ਹਾਲਾਂਕਿ ਇਨ੍ਹਾਂ 'ਚ ਹੜਤਾਲ ਨਹੀਂ ਚੱਲ ਰਹੀ ਹੈ।

ਹਾਂਡਾ ਮੋਟਰਸ (ਐਚ. ਐਮ. ਐਸ. ਆਈ.) ਦੇ ਮਜ਼ਦੂਰ ਤਨਖਾਹ ਦੇ ਵਾਧੇ ਦੇ ਲਈ ਵੀ ਸੰਘਰਸ਼ ਕਰ ਰਹੇ ਹਨ, ਇਸ ਤਰ੍ਹਾਂ ਸ੍ਰੀ ਸਚਦੇਵ ਨੇ ਕਿਹਾ। 17 ਮਜ਼ਦੂਰਾਂ ਨੂੰ ਇਸ ਸੰਘਰਸ਼ ’ਚ ਹਿੱਸਾ ਲੈਣ ਦੇ ਲਈ ਬਰਖਾਸਤ ਕਰ ਦਿੱਤਾ ਗਿਆ। ਐਚ. ਐਮ. ਐਸ. ਆਈ. ਦੇ ਮਜ਼ਦੂਰ ਉਦਯੋਗ ਦੇ ਆਮ ਪੱਧਰ ਦੇ ਮੁਤਾਬਕ ਤਨਖਾਹ ’ਚ ਵਾਧੇ ਦੀ ਮੰਗ ਕਰ ਰਹੇ ਹਨ। ਕੰਪਨੀ ਵੱਲੋਂ ਨਿਯਮਿਤ ਮਜ਼ਦੂਰਾਂ ਨੂੰ ਬਰਖਾਸਤ

ਕਰਕੇ ਠੇਕੇ ਦੀ ਮਜ਼ਦੂਰੀ ਨਾਲ ਕੰਮ ਕਰਵਾਉਣ ਦੇ ਅਮਲ ਦਾ ਵੀ ਮਜ਼ਦੂਰ ਵਿਰੋਧ ਕਰ ਰਹੇ ਹਨ।

ਬੀਤੇ ਕਈ ਹਫ਼ਤਿਆਂ ਤੋਂ ਰੀਕੋ ਤੇ ਸਨਬੀਮ ਯੂਨਿਟਾਂ ਦੇ ਬਾਹਰ ਮਜ਼ਦੂਰ ਧਰਨੇ 'ਤੇ ਬੈਠੇ ਹਨ। 8 ਅਕਤੂਬਰ ਨੂੰ ਰੀਕੋ ਫੈਕਟਰੀ ਦੇ ਬਾਹਰ ਧਰਨੇ 'ਤੇ ਬੈਠੇ ਮਜ਼ਦੂਰਾਂ ਨੇ ਮਜਦੂਰ ਏਕਤਾ ਲਹਿਰ ਦੇ ਪੱਤਰਕਾਰ ਨੂੰ ਦੱਸਿਆ ਕਿ ਜਦ ਉਹ ਹਰ ਰੋਜ਼ ਦੀ ਤਰ੍ਹਾਂ, 21 ਸਤੰਬਰ ਨੂੰ ਡਿਊਟੀ 'ਤੇ ਆਏ, ਤਾਂ ਉਨ੍ਹਾਂ ਨੂੰ ਦੱਸਿਆ ਗਿਆ ਕਿ ਪਲਾਂਟ ਨੂੰ ਬੰਦ ਕਰ ਦਿੱਤਾ ਗਿਆ ਹੈ। ਸਨਬੀਮ ਆਟੋ ਫੈਕਟਰੀ ਦੇ ਬਾਹਰ ਧਰਨੇ 'ਤੇ ਬੈਠੇ ਮਜ਼ਦੂਰ ਇਸ ਲਈ ਗੁੱਸੇ 'ਚ ਸਨ ਕਿਉਂਕਿ ਉਨ੍ਹਾਂ ਨੇ ਆਪਣੇ ਯੂਨੀਅਨ ਦੇ ਪੰਜੀਕਰਨ ਦੀ ਮੰਗ ਕੀਤੀ ਸੀ ਪਰ ਪ੍ਰਬੰਧਕਾਂ ਨੇ ਇਸ ਦੇ ਲਈ ਉਨ੍ਹਾਂ ਦੇ ਸਾਥੀਆਂ ਨੂੰ ਬਰਖਾਸਤ ਕਰ ਦਿੱਤਾ। ਮਜ਼ਦੂਰਾਂ ਨੇ ਇਹ ਵੀ ਸ਼ਿਕਾਇਤ ਕੀਤੀ ਕਿ 22 ਸਤੰਬਰ ਨੂੰ ਪੁਲਿਸ ਨੇ ਉਨ੍ਹਾਂ 'ਤੇ ਬੇਰਹਿਮੀ ਨਾਲ ਹਮਲਾ ਕੀਤਾ ਸੀ, ਜਿਸ ਦੀ ਵਜ੍ਹਾ ਨਾਲ ਦਰਜਨਾਂ ਮਜ਼ਦੂਰ ਜ਼ਖ਼ਮੀ ਹੋਏ ਤੇ ਦਸ ਮਜ਼ਦੂਰ ਹਸਪਤਾਲ 'ਚ ਹਨ।

ਇਸ ਸੰਘਰਸ਼ ਦੇ ਚੱਲਦੇ, 10 ਅਕਤੂਬਰ ਨੂੰ ਜਪਾਨੀ ਮੋਟਰ ਵਾਹਨ ਇਜ਼ਾਰੇਦਾਰ ਕੰਪਨੀ ਹੋਂਡਾ ਮੋਟਰਸ ਨੇ ਇਹ ਧਮਕੀ ਦਿੱਤੀ ਕਿ ਉਹ ਗੁੜਗਾਓਂ-ਮਨੇਸਰ ਖੇਤਰ'ਚ ਆਪਣੀ ਟੂ-ਵ੍ਹੀਲਰ ਫੈਕਟਰੀ ਨੂੰ ਬੰਦ ਕਰ ਦੇਵੇਗਾ ਤੇ ਦੁਨੀਆ 'ਚ ਕਿਤੇ ਹੋਰ ਜਾ ਕੇ ਆਪਣੀ ਫੈਕਟਰੀ ਨੂੰ ਚਲਾਏਗਾ। ਇਹ ਸਪੱਸ਼ਟ ਹੈ ਕਿ ਜਪਾਨੀ ਬਹੁਰਾਸ਼ਟਰੀ ਕੰਪਨੀ ਹੋਂਡਾ ਇਸ ਤਰ੍ਹਾਂ ਦੀ ਧਮਕੀ ਦੇ ਕੇ ਮਜ਼ਦੂਰਾਂ ਨੂੰ ਸ਼ੋਸ਼ਣ-ਦਮਨ ਦੇ ਸਾਹਮਣੇ ਗੋਡੇ ਟੇਕਣ ਨੂੰ ਮਜਬੂਰ ਕਰਨ ਤੇ ਹਰਿਆਣਾ ਸਰਕਾਰ ਤੇ ਕੇਂਦਰੀ ਸਰਕਾਰ ਕੋਲੋਂ ਵੱਧ ਤੋਂ ਵੱਧ ਰਿਆਇਤਾਂ ਲੈਣ ਦੀ ਕੋਸ਼ਿਸ਼ ਕਰ ਰਹੀ ਹੈ।

ਇਸ ਸੰਦਰਭ 'ਚ, ਹੋਂਡਾ ਮੈਨੇਜਮੈਂਟ ਨੇ ਉਨ੍ਹਾਂ ਦੀ ਕੰਪਨੀ 'ਚ ਮਜ਼ਦੂਰਾਂ ਦੇ ਸੰਘਰਸ਼ ਤੇ ਗੁੜਗਾਓਂ-ਮਨੇਸਰ ਖੇਤਰ ਦੇ ਮੋਟਰ ਵਾਹਨ ਸਹਾਇਕ ਯੂਨਿਟਾਂ 'ਚ ਹੜਤਾਲ ਨੂੰ ਖਤਮ ਕਰਨ ਲਈ, ਉੱਚ ਅਦਾਲਤ 'ਚ ਇਕ ਅਪੀਲ ਦਰਜ ਕੀਤੀ ਹੈ। ਪੰਜਾਬ ਤੇ ਹਰਿਆਣਾ ਉੱਚ ਅਦਾਲਤ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਕਿਸ ਵਰਗ ਦੇ ਨਾਲ ਉਸ ਦੀ ਵਫ਼ਾਦਾਰੀ ਹੈ। ਅਦਾਲਤ ਨੇ ਹਰਿਆਣਾ ਸਰਕਾਰ ਨੂੰ ਅਤੇ ਮਜ਼ਦੂਰਾਂ ਦੇ ਯੂਨੀਅਨ ਨੂੰ 15 ਅਕਤੂਬਰ ਤੱਕ ਜਵਾਬ ਦੇਣ ਦਾ ਹੁਕਮ ਦਿੱਤਾ ਹੈ, ਤੇ ਮਜ਼ਦੂਰਾਂ ਦੇ ਸੰਘਰਸ਼ ਨੂੰ ''ਹਿੰਦੁਸਤਾਨ 'ਚ ਵਿਦੇਸ਼ੀ ਪੂੰਜੀਨਿਵੇਸ਼ਕਾਂ ਦੇ ਭਰੋਸੇ ਨੂੰ ਠੇਸ ਪਹੁੰਚਾਉਣ ਵਾਲਾ'' ਦੱਸਿਆ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਅਦਾਲਤ ਕਿਸ ਵਰਗ ਦੀ ਹਿਫਾਜ਼ਤ ਕਰਦਾ ਹੈ।



ਕਿਸੇ ਮਜ਼ਦੂਰ ਨੂੰ ਇਹ ਭੁਲੇਖਾ ਨਹੀਂ ਹੋਣਾ ਚਾਹੀਦਾ ਕਿ ਸਰਕਾਰ ਤੇ ਅਦਾਲਤਾਂ ਦੀ ਵਿਵਸਥਾ ਲੋਕਾਂ ਦੇ ਹਿਤਾਂ ਲਈ ਕੰਮ ਕਰਦੀਆਂ ਹਨ। ਬਲਕਿ ਇਹ ਵੱਡੇ ਹਿੰਦੁਸਤਾਨੀ ਤੇ ਵਿਦੇਸ਼ੀ ਪੂੰਜੀਪਤੀਆਂ ਦੇ ਜ਼ਿਆਦਾ ਮੁਨਾਫ਼ੇ ਬਨਾਉਣ ਦੇ ਅਧਿਕਾਰ ਤੇ ਮਜ਼ਦੂਰਾਂ ਦਾ ਜ਼ਿਆਦਾ ਤੋਂ ਜ਼ਿਆਦਾ ਸ਼ੋਸ਼ਣ ਕਰਨ ਦੇ ਅਧਿਕਾਰ ਦੀ ਰੱਖਿਆ ਕਰਦੀਆਂ ਹਨ। ਇਹ ਯਾਦ ਰੱਖਿਆ ਜਾਵੇ ਕਿ ਇਹ ਹੋਂਡਾ ਕੰਪਨੀ ਹੀ ਸੀ ਜਿਸ 'ਚ, 2005 'ਚ ਮਜ਼ਦੂਰਾਂ ਦੀ ਹੜਤਾਲ ਦੇ ਦੌਰਾਨ ਜਦ ਪੂਰੇ ਹਰਿਆਣਾ ਤੋਂ ਆਏ ਮਜ਼ਦੂਰ ਆਪਣਾ ਮੰਗ ਪੱਤਰ ਦੇਣ ਲਈ ਸਥਾਨਕ ਸਰਕਾਰੀ ਅਧਿਕਾਰੀਆਂ ਦੇ ਦਫ਼ਤਰ ਦੇ ਨਜ਼ਦੀਕ ਬੈਠੇ ਸਨ, ਤਾਂ ਹਰਿਆਣਾ ਦੀ ਪੁਲਿਸ ਨੇ ਉਨ੍ਹਾਂ 'ਤੇ ਕਾਤਲਾਨਾ ਹਮਲਾ ਕੀਤਾ ਸੀ। ਉਸ ਕਾਤਲਾਨਾ ਹਮਲੇ ਨੂੰ ਟੀ. ਵੀ. 'ਤੇ ਦਿਖਾਇਆ ਗਿਆ ਤੇ ਉਸ ਦ੍ਰਿਸ਼ ਨਾਲ ਪੂਰੇ ਦੇਸ਼ ਦੀ ਜਨਤਾ ਦਾ ਦਿਲ ਦਹਿਲ ਗਿਆ।

ਬੀਤੇ ਦੋ ਦਹਾਕਿਆਂ ਦੇ ਦੌਰਾਨ, ਉਦਾਰੀਕਰਨ ਤੇ ਨਿੱਜੀਕਰਨ ਦੇ ਜ਼ਰੀਏ ਭੂਮੰਡਲੀਕਰਨ ਦੀ ਨੀਤੀ ਤੋਂ ਪ੍ਰੇਰਤ, ਪੂਰੇ ਦੇਸ਼ 'ਚ ਨਵੇਂ ਤੇ ਪੁਰਾਣੇ ਉਦਯੋਗਿਕ ਖੇਤਰਾਂ 'ਚ ਵੱਡੇ ਪੱਧਰ 'ਤੇ ਉਦਯੋਗੀਕਰਣ ਚੱਲ ਰਿਹਾ ਹੈ। ਪੂਰੇ ਦੇਸ਼ 'ਚ, ਠੀਕ-ਗੁੜਗਾਓਂ-ਮਨੇਸਰ ਖੇਤਰ ਦੀ ਤਰ੍ਹਾਂ, ਨੌਜਵਾਨ ਸਿੱਖਿਅਤ ਮਜ਼ਦੂਰ ਹਿੰਦੁਸਤਾਨੀ ਤੇ ਵਿਦੇਸ਼ੀ ਬਹੁਰਾਸ਼ਟਰੀ ਕੰਪਨੀਆਂ ਦੇ ਹੱਥੋਂ ਜ਼ਿਆਦਾ ਤੋਂ ਜ਼ਿਆਦਾ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਹਨ। ਇਹ ਖਾਸ ਤੌਰ 'ਤੇ ਉਦਯਗਿਕ ਖੇਤਰ 'ਚ ਪਰ ਸੇਵਾ ਖੇਤਰ 'ਚ ਵੀ ਹੋ ਰਿਹਾ ਹੈ। ਇਹ ਨੌਜਵਾਨ ਮਜ਼ਦੂਰ ਖੁਦ ਨੂੰ ਯੂਨੀਅਨਾਂ 'ਚ ਸੰਗਠਤ ਕਰਨ ਤੇ ਆਪਣੇ ਸ਼ੋਸ਼ਣ ਨੂੰ ਘਟਾਉਣ ਦਾ ਯਤਨ ਕਰ ਰਹੇ ਹਨ। ਨਿਰਯਾਤ ਨਾਲ ਸੰਬੰਧਿਤ ਖੇਤਰਾਂ ਤੇ ਦੇਸੀ-ਵਿਦੇਸ਼ੀ ਬਹੁਰਾਸ਼ਟਰੀ ਕੰਪਨੀਆਂ ਦੇ ਸਹਾਇਕ ਯੂਨਿਟਾਂ 'ਚ ਇਹ ਵਰਗ ਸੰਘਰਸ਼ ਖਾਸ ਰੂਪ 'ਚ ਤੇਜ਼ੀ ਫੜ੍ਹ ਰਿਹਾ ਹੈ। ਇਨ੍ਹਾਂ ਸਾਰੇ ਮਾਮਲਿਆਂ 'ਚ ਰਾਜ ਮਜ਼ਦੂਰਾਂ ਦੇ ਜ਼ਿਆਦਾ ਸ਼ੋਸ਼ਣ ਨੂੰ ਬਣਾਏ ਰੱਖਣ ਦੇ ਲਈ ਅੱਗੇ ਆ ਰਿਹਾ ਹੈ। ਮਜ਼ਦੂਰ ਸੰਗਠਤ ਹੋਣ ਤੇ ਹੜਤਾਲ ਕਰਨ, ਆਪਣੇ ਕੰਮ ਦੀਆਂ ਹਾਲਤਾਂ ਤੇ ਆਪਣੀਆਂ ਤਨਖਾਹਾਂ ਤੇ ਹੋਰ ਸਹੂਲਤਾਂ 'ਚ ਤਰੱਕੀ ਲਿਆਉਣ ਲਈ ਸੰਘਰਸ਼ ਕਰ ਰਹੇ ਹਨ। ਰਾਜ ਤੇ ਪੂੰਜੀਪਤੀ ਇਨ੍ਹਾਂ ਸੰਘਰਸ਼ਾਂ ਨੂੰ ਕੁਚਲਨ ਲਈ ਇਹ ਕਹਿ ਰਹੇ ਹਨ ਕਿ ''ਇਸ ਨਾਲ ਹਿੰਦੁਸਤਾਨ 'ਚ ਵਿਦੇਸ਼ੀ ਪੂੰਜੀ ਨਿਵੇਸ਼ਕਾਂ ਦੇ ਭਰੋਸੇ ਨੂੰ ਧੱਕਾ ਲੱਗ ਸਕਦਾ ਹੈ''।

ਇਨ੍ਹਾਂ ਨੌਜਵਾਨ ਮਜ਼ਦੂਰਾਂ ਦਾ ਸੰਘਰਸ਼ ਇਕ ਬਹੁਤ ਹੀ ਚੰਗਾ ਚਿੰਨ੍ਹ ਹੈ। ਇਹ ਦਿਖਾਉਂਦਾ ਹੈ ਕਿ ਮਜ਼ਦੂਰ ਵਰਗ ਆਪਣੇ ਅਧਿਕਾਰਾਂ ਦੀ ਰੱਖਿਆ ਲਈ ਪੂੰਜੀਪਤੀਆਂ ਦੀ ਮਸ਼ੀਨਰੀ ਨੂੰ ਠੱਪ ਕਰ ਸਕਦਾ ਹੈ ਤੇ ਕਰੇਗਾ। ਕਮਿਊਨਿਸਟਾਂ ਦਾ ਕੰਮ ਹੈ ਮਜ਼ਦੂਰਾਂ ਨੂੰ ਯੂਨੀਅਨਾਂ ਅਤੇ ਸੰਘਾਂ 'ਚ ਸੰਗਠਤ ਕਰਨ 'ਚ ਮਦਦ ਦੇਣਾ, ਸੰਗਠਤ ਹੋਣ ਤੇ ਹੜਤਾਲ ਕਰਨ ਦੇ ਅਧਿਕਾਰ ਦੀ ਸੁਰੱਖਿਆ ਕਰਨਾ ਤੇ ਮਜ਼ਦੂਰ ਵਰਗ ਨੂੰ ਇਹ ਸਿੱਖਿਆ ਦੇਣਾ ਕਿ ਇਨਸਾਨ ਹੱਥੋਂ ਇਨਸਾਨ ਦੇ ਸ਼ੋਸ਼ਣ ਨੂੰ ਖਤਮ ਕਰਨ ਦੇਣ ਲਈ ਪੂੰਜੀਪਤੀਆਂ ਦੇ ਸਾਸ਼ਨ ਦਾ ਤਖਤਾਪਲਟ ਕਰਨਾ ਹੋਵੇਗਾ ਅਤੇ ਮਜ਼ਦੂਰਾਂ ਤੇ ਕਿਸਾਨਾਂ ਦਾ ਸ਼ਾਸ਼ਨ ਸਥਾਪਤ ਕਰਨਾ ਹੋਵੇਗਾ। ■

# ਲਾਤੀਨੀ ਅਮਰੀਕਾ ਦੇ ਦੇਸ਼ਾਂ ਨੇ ਸਾਂਝੀ ਮੁਦਰਾ ਬਨਾਉਣ ਦਾ ਫੈਸਲਾ ਲਿਆ

ਕੇਂਦਰੀ ਅਤੇ ਲਾਤੀਨੀ ਅਮਰੀਕਾ ਦੇ 9 ਦੇਸ਼ਾਂ ਨੇ ਮਿਲਕੇ, ਏ.ਐਲ.ਬੀ.ਏ. (ਏਲਬਾ) ਨਾਮਕ ਇੱਕ ਸਾਮਰਾਜਵਾਦ-ਵਿਰੋਧੀ ਵਪਾਰ ਸਮੂਹ ਬਣਾਇਆ ਹੈ, ਜਿਸਦੀ ਬੈਠਕ 16 ਤੋਂ 19 ਅਕਤੂਬਰ 2009 ਨੂੰ ਬੋਲਿਵੀਆ ਵਿੱਚ ਹੋਈ। ਇਸ ਵਿੱਚ ਹਿੱਸਾ ਲੈਣ ਵਾਲੇ ਦੇਸ਼ਾਂ 'ਚ ਕਿਊਬਾ, ਬੋਲਿਵੀਆ, ਵੈਨਜ਼ੂਇਲਾ, ਨਿਕਾਰਗੁਆ, ਡੋਮਿਨਿਕਾ, ਐਂਟਿਗੁਆ ਅਤੇ ਬਾਰਬੁਡਾ, ਸੇਂਟ-ਵਿਨਸੇਂਟ ਅਤੇ ਗ੍ਰੇਨਾਡੀਨ ਹਨ। ਆਪਸੀ ਸਹਿਯੋਗ ਮਜਬੂਤ ਕਰਨ ਦੇ ਆਪਣੇ ਸਾਂਝੇ ਉਦੇਸ਼ ਨੂੰ ਅੱਗੇ ਵਧਾਉਂਦਿਆਂ, ਏ.ਐਲ.ਬੀ.ਏ. ਦੀ ਬੈਠਕ ਵਿੱਚ ਹੋਰ ਫੈਸਲਿਆਂ ਤੋਂ ਇਲਾਵਾ, ਇਹ ਫੈਸਲਾ ਵੀ ਲਿਆ ਗਿਆ ਕਿ ਇਨ੍ਹਾਂ ਦੇਸ਼ਾਂ ਦੇ ਆਪਸੀ ਵਪਾਰ ਲਈ, ਇੱਕ ਸਾਂਝੀ ਮੁਦਰਾ (ਕਰੰਸੀ) ਬਣਾਈ ਜਾਵੇਗੀ। ਇਹ ਮੁਦਰਾ "ਸੁਕਰੇ" (ਪਰਸਪਰ ਭੁਗਤਾਨ ਦੀ ਏਕੀਕ੍ਰਿਤ ਪ੍ਰਣਾਲੀ) ਦੇ ਨਾਮ ਨਾਲ ਜਾਣੀ ਜਾਏਗੀ। ਵੈਨਜ਼ੁਇਲਾ ਦੇ ਰਾਸ਼ਟਰਪਤੀ, ਹਯੂਗੋ ਸ਼ਾਵੇਜ਼, ਦੇ ਅਨੁਸਾਰ, ਇਹ "ਅਮਰੀਕੀ ਡਾਲਰ ਦੀ ਤਾਨਾਸ਼ਾਹੀ ਤੋਂ ਸਾਡੀ ਵਿੱਤੀ ਅਜ਼ਾਦੀ ਦੀ ਦਿਸ਼ਾ ਵਲ ਇੱਕ ਕਦਮ ਹੋਵੇਗਾ"।

ਇਸ ਤਜਵੀਜ਼ ਤੇ ਸਭ ਤੋਂ ਪਹਿਲਾਂ ਨਵੰਬਰ 2008 ਵਿੱਚ ਹੋਈ ਇਸ ਸਮੂਹ ਦੀ ਬੈਠਕ ਵਿਚ ਵਿਚਾਰ ਕੀਤੀ ਗਈ ਸੀ, ਜਿਸ ਬੈਠਕ ਵਿੱਚ ਵਿਸ਼ਵ ਆਰਥਕ ਸੰਕਟ ਦੇ ਪ੍ਰਣਾਮਾਂ ਬਾਰੇ ਚਰਚਾ ਹੋਈ ਸੀ। ਇਹ ਉਮੀਦ ਕੀਤੀ ਜਾ ਰਹੀ ਹੈ ਕਿ 2010 ਦੇ ਅੱਧ ਤਕ ਇਹ ਨਵੀਂ ਮੁਦਰਾ ਪੂਰੀ ਤਰ੍ਹਾਂ ਚਾਲੂ ਹੋ ਜਾਵੇਗੀ। ਇਸ ਨਾਲ ਇਨ੍ਹਾਂ ਦੇਸ਼ਾਂ ਨੂੰ, ਆਪਣੇ ਹੀ ਸਾਧਨਾਂ ਤੇ ਨਿਰਭਰ ਹੋਕੇ ਆਰਥਕ ਸੰਕਟ ਦੇ ਅਸਰ ਦਾ ਮੁਕਾਬਲਾ ਕਰਨ ਵਿੱਚ ਮੱਦਦ ਮਿਲੇਗੀ।

ਅਕਤੂਬਰ 'ਚ ਹੋਈ ਇਸ ਬੈਠਕ ਅੰਦਰ ਪ੍ਰਸਤਾਵਤ ਬਾਕੀ ਉਪਾਵਾਂ ਵਿੱਚ ਇੱਕ ਦਰਾਮਦ-ਬਰਾਮਦ ਕੰਪਨੀ, ਏਲਬਾ-ਐਕਸਮ, ਦੀ ਸਥਾਪਨਾ ਦਾ ਪ੍ਰਸਤਾਵ ਵੀ ਆਇਆ। ਇਹ ਕੰਪਨੀ, ਏਲਬਾ ਦੇ ਮੈਂਬਰ ਦੇਸ਼ਾਂ ਦੇ ਵਿਚਾਲੇ ਸਹਿਕਾਰੀ ਵਪਾਰ ਦਾ ਤੰਤਰ ਬਣੇਗੀ। ਇਸਪਾਤ, ਅਤੇ ਮੈਂਬਰ ਦੇਸ਼ਾਂ ਦੇ ਕੁਦਰਤੀ ਸਾਧਨਾਂ, ਊਰਜਾ, ਬਨਪਾਲਣ, ਆਦਿ ਖੇਤਰਾਂ ਵਿੱਚ "ਸਰਵ-ਰਾਸ਼ਟਰੀ" ਕੰਪਨੀਆਂ ਬਨਾਉਣ ਦੀ ਤਜ਼ਵੀਜ਼ ਵੀ ਰੱਖੀ ਗਈ।

ਮੌਸਮ ਤਬਦੀਲੀ ਬਾਰੇ ਚੱਲ ਰਹੇ ਅੰਤਰਰਾਸ਼ਟਰੀ ਵਿਚਾਰ-ਵਟਾਂਦਰਿਆਂ ਦੇ ਸੰਦਰਭ ਵਿੱਚ, ਬੈਠਕ 'ਚ ਇੱਕ "ਮੌਸਮ ਤਬਦੀਲੀ ਟਰਬਿਯੂਨਲ" ਬਨਾਉਣ ਦੀ ਤਜ਼ਵੀਜ ਵੀ ਰੱਖੀ ਗਈ। ਇਸ ਟਰਬਿਯੂਨਲ ਵਿੱਚ, ਘਟ-ਵਿਕਸਤ ਦੇਸ਼ਾਂ ਦੇ ਪ੍ਰਤੀਨਿਧ ਸ਼ਾਮਲ ਹੋਣਗੇ ਅਤੇ ਇਹ "ਸਾਡੀ ਪਰਿਥਵੀ ਦੇ ਵਰਤਮਾਨ ਮੌਸਮ ਸੰਕਟ ਲਈ ਦੋਸ਼ੀ ਤਾਕਤਾਂ" ਬਾਰੇ ਫੈਸਲੇ ਲੈਣ ਦਾ ਕੰਮ ਕਰੇਗਾ। ਇਹ ਟਰਬਿਯੂਨਲ ਕੋਸ਼ਸ਼ ਕਰੇਗਾ ਕਿ "ਵਿਕਸਤ ਦੇਸ਼ਾਂ ਤੋਂ ਮੌਸਮ ਸੰਕਟ ਦੇ ਲਈ ਅਦਾਇਗੀ ਕਰਵਾਈ ਜਾਵੇ ਅਤੇ ਉਨ੍ਹਾਂ ਨੂੰ ਆਪਣੇ ਗ੍ਰੀਨ ਹਾਊਸ ਰਿਸਣ ਘੱਟ ਕਰਨ ਲਈ ਮਜਬੂਰ ਕੀਤਾ ਜਾਵੇ।"

ਪਿਛਲੇ ਕੁੱਝ ਸਾਲਾਂ ਤੋਂ ਅਮਰੀਕਾ ਦੀ ਸਾਮਰਾਜਵਾਦੀ ਦਾਦਾਗਿਰੀ ਦੇ ਖਿਲਾਫ, ਲਾਤੀਨੀ ਅਮਰੀਕੀ ਦੇਸ਼ਾਂ ਵਿਚਾਲੇ ਸਹਿਯੋਗ ਵਧ ਰਿਹਾ ਹੈ। ਏਲਬਾ ਦੀ ਇਹ ਬੈਠਕ ਅਤੇ ਸਾਂਝੀ ਮੁਦਰਾ ਵੱਲ ਉਠਾਏ ਜਾ ਰਹੇ ਕਦਮ ਇਸ ਪ੍ਰਕ੍ਰਿਆ ਨੂੰ ਹੋਰ ਅੱਗੇ ਵਧਾਉਣਗੇ। ■

---

## ਵਿਸ਼ਾਲ ਮੁਜ਼ਾਹਰਾ...

**ਸਫਾ 5 ਦੀ ਬਾਕੀ**

ਹਮਲਾ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਸੱਭ ਮਜਦੂਰ ਸੰਗਠਨਾ ਨੂੰ ਇੱਕ-ਜੁੱਟ ਹੋਣ ਦਾ ਹੋਕਾ ਦਿੱਤਾ।

ਸੀਟੂ ਦੇ ਸਕੱਤਰ, ਕਾਮਰੇਡ ਤਪਨ ਸੇਨ, ਕੇ ਮਹਿੰਗਾਈ ਲਈ ਸਰਕਾਰ ਨੂੰ ਕਸੂਰਵਾਰ ਠਹਿਰਾਇਆ।

ਏ.ਆਈ.ਯੂ.ਟੀ.ਯੂ.ਸੀ. ਵਲੋਂ ਬੋਲਦਿਆਂ, ਕਾਮਰੇਡ ਸੰਤੋਸ਼ ਰਾਏ ਨੇ ਕਿਹਾ ਕਿ ਕੇਂਦਰ ਸਰਕਾਰ ਦੀਆਂ ਨੀਤੀਆਂ ਪੂਰੀ ਤਰ੍ਹਾਂ ਮਜਦੂਰ ਵਿਰੋਧੀ ਹਨ।

ਕਾਮਰੇਡ ਹਰੀਸ਼ ਤਿਆਗੀ ਨੇ, ਏ.ਆਈ.ਯੂ.ਟੀ.ਯੂ.ਸੀ. ਦੀ ਤਰਫੋਂ ਕਿਹਾ ਕਿ ਅੱਜ ਦੀ ਸਰਕਾਰ ਸਰਮਾਏਦਾਰਾਂ ਦੀ ਸਰਕਾਰ ਹੈ ਅਤੇ ਉਹ ਨਿੱਜੀਕਰਣ, ਉਦਾਰੀਕਰਣ ਅਤੇ ਭੂਮੰਡਲੀਕਰਣ ਦੇ ਰਾਹ ਤੇ ਚੱਲ ਰਹੀ ਹੈ, ਜਿਸਦੇ ਨਤੀਜੇ ਮਜਦੂਰ ਭੁਗਤ ਰਹੇ ਹਨ।



ਕਾਮਰੇਡ ਡੀ.ਕੇ. ਦਿਵੇਦੀ ਨੇ ਯੂ.ਟੀ.ਯੂ.ਸੀ. ਦੀ ਤਰਫੋ ਬੋਲਦਿਆਂ ਕਿਹਾ ਕਿ ਅਸੰਗਠਿਤ ਖੇਤਰ ਦੇ ਮਜਦੂਰਾਂ ਨੂੰ ਗੁਲਾਮਾਂ ਦੀ ਤਰ੍ਹਾਂ ਜਿਊਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਇਸ ਖੇਤਰ ਦੇ ਮਜਦੂਰਾਂ ਲਈ ਕੋਈ ਕਨੂੰਨ ਲਾਗੂ ਨਹੀਂ ਹੁੰਦੇ ਹਨ। ਸਾਨੂੰ ਇਨ੍ਹਾਂ ਮਜਦੂਰਾਂ ਦੇ ਅਧਿਕਾਰਾਂ ਲਈ ਲੜਨਾ ਚਾਹੀਦਾ ਹੈ।

ਟੀ.ਯੂ.ਸੀ.ਸੀ. ਦੇ ਕਾਮਰੇਡ ਅਬਨੀ ਰਾਯ, ਜੋ ਕਿ ਪਾਰਲੀਮੈਂਟ ਦੇ ਮੈਂਬਰ ਵੀ ਹਨ, ਉਨ੍ਹਾਂ ਦੀ ਅਗਵਾਈ ਹੇਠ ਇੱਕ 10-ਮੈਂਬਰੀ ਪ੍ਰਤੀਨਿਧੀ ਮੰਡਲ ਨੇ ਦਿੱਲੀ ਦੀ ਮੁੱਖ ਮੰਤਰੀ, ਸ਼ੀਲਾ ਦੀਕਸ਼ਤ, ਨਾਲ ਮੁਲਾਕਾਤ ਕੀਤੀ ਅਤੇ ਇੱਕ ਮੰਗ-ਪੱਤਰ ਸੌਂਪਿਆ।

ਮੰਗ-ਪੱਤਰ ਵਿੱਚ, ਮਹਿੰਗਾਈ ਉੱਤੇ ਰੋਕ ਲਾਉਣ, ਘੱਟੋ-ਘੱਟ ਤਨਖਾਹ 11,055 ਰੁਪਏ ਮਾਸਕ ਨਿਸਚਤ ਕਰਨ, ਗੈਰ-ਸਰਕਾਰੀ ਦੁਕਾਨਾਂ ਅਤੇ ਫੈਕਟਰੀਆਂ ਅੰਦਰ ਕਿਰਤ ਕਨੂੰਨਾਂ ਦੀ ਹੋ ਰਹੀ ਉਲੰਘਣਾ ਨੂੰ ਰੋਕਣ, ਮਜਦੂਰਾਂ ਦੇ ਯੂਨੀਅਨ ਬਣਾਉਣ ਅਤੇ ਹੋਰ ਸਾਰੇ ਅਧਿਕਾਰਾਂ ਨੂੰ ਮਾਨਤਾ ਦੇਣ, ਸੋਸ਼ਲ ਸਿਕਊਰਟੀ ਐਕਟ ਨੂੰ ਤੁਰੰਤ ਲਾਗੂ ਕਰਨ, ਅਸੰਗਠਿਤ ਖੇਤਰ ਦੇ ਮਜਦੂਰਾਂ ਦਾ ਪੰਜੀਕਰਣ ਕਰਨ, ਮਜਦੂਰਾਂ ਨੂੰ ਬੁਨਿਆਦੀ ਸਹੂਲਤਾਂ-ਸਹਿਤ ਮਕਾਨ ਮੁਹੱਈਆਂ ਕਰਵਾਉਣ, ਇਸਤਰੀ ਮਜਦੂਰਾਂ ਨੂੰ ਪੁਰਸ਼ਾਂ ਦੇ ਬਰਾਬਰ ਤਨਖਾਹ ਦੇਣ ਅਤੇ ਕੰਮ ਦੀ ਥਾਂ ਤੇ ਉਨ੍ਹਾਂ ਨਾਲ ਹੁੰਦੀਆਂ ਵਧੀਕੀਆਂ ਨੂੰ ਰੋਕਣ ਅਤੇ ਠੇਕੇਦਾਰੀ ਪ੍ਰਥਾ ਨੂੰ ਖਤਮ ਕਰਨ, ਆਦਿ ਦੀਆਂ ਮੰਗਾਂ ਰੱਖੀਆਂ ਗਈਆਂ ਸਨ। ■

# ਟਰਾਂਟੋ 'ਚ ਗ਼ਦਰੀ ਮੇਲਾ 2009: ਮਦਨ ਲਾਲ ਢੀਂਗਰਾ ਦੀ ਸ਼ਹਾਦਤ ਦੀ ਸ਼ਤਾਬਦੀ ’ਤੇ ਟੋਰਾਂਟੋ ’ਚ ਯਾਦਗਾਰ ਸਭਾ ਕਰਵਾਈ

ਗ਼ਦਰ ਹੈਰੀਟੇਜ ਆਰਗੇਨਾਈਜੇਸ਼ਨ ਨੇ ਦੇਸ਼ ਭਗਤ ਸਪੋਰਟਸ ਐਂਡ ਕਲਚਰਲ ਸੁਸਾਇਟੀ ਦੇ ਸਹਿਯੋਗ ਨਾਲ 27 ਸਤੰਬਰ, 2009 ਨੂੰ ਟੋਰਾਂਟੋ ’ਚ "ਗ਼ਦਰ ਅੰਦੋਲਨ ਤੇ ਉਸ ਦਾ ਮਹੱਤਵ", ਇਸ ਵਿਸ਼ੇ ’ਤੇ ਇਕ ਸੈਮੀਨਾਰ ਤੇ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ। ਮਦਨ ਲਾਲ ਢੀਂਗਰਾ ਦੀ ਬਰਤਾਨਵੀ ਬਸਤੀਵਾਦੀਆਂ ਦੇ ਹੱਥੋਂ ਸ਼ਹਾਦਤ ਦੇ ਸ਼ਤਾਬਦੀ ਵਰ੍ਹੇ ’ਚ ਇਸ ਪ੍ਰੋਗਰਾਮ ਨੂੰ ਇਸ ਕ੍ਰਾਂਤੀਕਾਰੀ ਤੇ ਬਸਤੀਵਾਦ ਵਿਰੋਧੀ ਯੋਧੇ ਨੂੰ ਸਮਰਪਿਤ ਕੀਤਾ ਗਿਆ।

ਮਦਨ ਲਾਲ ਢੀਂਗਰਾ ਨੌਜਵਾਨਾਂ ਦੀ ਉਸ ਪੀੜ੍ਹੀ ਤੋਂ ਆਏ ਸਨ ਜਿਨ੍ਹਾਂ ਨੇ ਬਸਤੀਵਾਦੀ ਹਕੂਮਤ ਦੇ ਖਿਲਾਫ਼ ਆਵਾਜ਼ ਚੁੱਕੀ ਤੇ ਆਪਣੇ ਦੇਸ਼ ਨੂੰ ਬਸਤੀਵਾਦੀ ਦਾਸਤਾ ਤੋਂ ਆਜ਼ਾਦ ਕਰਵਾਉਣ ਦੇ ਲਈ ਆਪਣਾ ਜੀਵਨ ਕੁਰਬਾਨ ਕਰ ਦਿੱਤਾ। ਇਸ ਪ੍ਰੋਗਰਾਮ ’ਚ ਕਈ ਨੌਜਵਾਨਾਂ ਤੇ ਬਜ਼ੁਰਗਾਂ, ਔਰਤਾਂ ਤੇ ਮਰਦਾਂ ਨੇ ਜਿਸ ਜੋਸ਼ ਦੇ ਨਾਲ ਹਿੱਸਾ ਲਿਆ, ਉਸ ਤੋਂ ਇਹ ਸਾਫ਼ ਨਜ਼ਰ ਆਉਂਦਾ ਹੈ ਕਿ ਕੈਨੇਡਾ ’ਚ ਵਸੇ ਹਿੰਦੁਸਤਾਨੀਆਂ ਦੇ ਦਿਲਾਂ ’ਚ ਇਸ ਕ੍ਰਾਂਤੀਕਾਰੀ ਪਰੰਪਰਾ ਨੂੰ ਅੱਗੇ ਲੈ ਜਾਣ ਦੀ, ਸਾਰੇ ਤਰ੍ਹਾਂ ਦੇ ਸ਼ੋਸ਼ਣ ਤੇ ਜ਼ੁਲਮ ਤੋਂ ਆਜ਼ਾਦ ਹਿੰਦੁਸਤਾਨ ਬਨਾਉਣ ਦੀ ਗਹਿਰੀ ਖੁਹਾਇਸ਼ ਹੈ ਜਿਸ ’ਤੇ ਸਾਨੂੰ ਮਾਣ ਹੋਵੇਗਾ।

ਮਦਨ ਲਾਲ ਦਾ ਜਨਮ ਆਪਣੇ ਜ਼ਮਾਨੇ ਦੇ ਇਕ ਰਈਸ ਖਾਨਦਾਨ ’ਚ ਹੋਇਆ ਤੇ ਉਨ੍ਹਾਂ ਦੇ ਪਿਤਾ ਡਾਕਟਰ ਸਨ। ਲਾਹੌਰ ’ਚ ਆਪਣੇ ਕਾਲਜ ’ਚ ਰਾਜਨੀਤਕ ਗਤਿਵਿਧੀਆਂ ਦੀ ਵਜ੍ਹਾ ਨਾਲ ਉਨ੍ਹਾਂ ਨੂੰ ਕਾਲਜ ਤੋਂ ਕੱਢ ਦਿੱਤਾ ਗਿਆ ਸੀ। ਉਨ੍ਹਾਂ ਦੇ ਪਰਿਵਾਰ ਨੇ, ਜੋ ਕਿ ਬਰਤਾਨਵੀ ਹੁਕਮਰਾਨਾਂ ਦੇ ਵਫਾਦਾਰ ਸਨ, ਉਨ੍ਹਾਂ ਨੂੰ ਨਕਾਰ ਦਿੱਤਾ। ਅੱਗੇ ਉਨ੍ਹਾਂ ਨੇ ਇਕ ਕਲਰਕ, ਰਿਕਸ਼ਾ ਚਾਲਕ ਤੇ ਮੁੰਬਈ ’ਚ ਇਕ ਕਾਰਖਾਨਾ ਮਜ਼ਦੂਰ ਬਣ ਕੇ ਕੰਮ ਕੀਤਾ ਜਿਥੇ ਉਨ੍ਹਾਂ ਨੇ ਯੂਨੀਅਨ ਦਾ ਗਠਨ ਕਰਨ ਦੀ ਕੋਸ਼ਿਸ਼ ਕੀਤੀ ਤੇ ਇਸ ਦੇ ਲਈ ਉਨ੍ਹਾਂ ਨੂੰ ਆਪਣੇ ਕੰਮ ਤੋਂ ਕੱਢ ਦਿੱਤਾ ਗਿਆ। ਆਪਣੇ ਭਰਾ ਦੀ ਮਦਦ ਨਾਲ ਉਹ ਇੰਜੀਨੀਅਰ ਦੀ ਪੜ੍ਹਾਈ ਕਰਨ ਦੇ ਲਈ

## ਟੋਰਾਂਟੋ ’ਚ ਕਰਵਾਏ ਗ਼ਦਰੀ ਮੇਲੇ ਦੇ ਨਾਂਅ ਸੰਦੇਸ਼

ਮੇਰੇ ਪਿਆਰੇ ਸਾਥੀਓ ਤੇ ਦੋਸਤੋ

ਮੈਂ ਇਹ ਸੰਦੇਸ਼ ਤੁਹਾਨੂੰ ਸਭ ਨੂੰ ਹਿੰਦੁਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ ਦੇ ਸਾਰੇ ਮੈਂਬਰਾਂ ਵੱਲੋਂ, ਗ਼ਦਰੀ ਮੇਲਾ 2009 ਦੀ ਸਫਲਤਾ ਲਈ, ਇਨਕਲਾਬੀ ਸਲਾਮ ਤੇ ਸ਼ੁਭਕਾਮਨਾਵਾਂ ਦੇ ਨਾਲ ਭੇਜ ਰਿਹਾ ਹਾਂ। ਸਾਡੀ ਪਾਰਟੀ ਤੁਹਾਨੂੰ ਸਾਰਿਆਂ ਨੂੰ ਉਸ ਕਾਰਵਾਂ ਦੀ ਰਾਜਨੀਤਕ ਤੇ ਸੱਭਿਆਚਾਰਕ ਤਾਕਤ ਮੰਨਦੀ ਹੈ, ਜੋ ਹਿੰਦੁਸਤਾਨੀ ਸਮਾਜ ਤੇ ਦੁਨੀਆ ਭਰ ਦੇ ਸਾਰੇ ਲੋਕਾਂ ਤੇ ਰਾਸ਼ਟਰਾਂ ਦੀ ਤਰੱਕੀ ਦਾ ਰਸਤਾ ਖੋਲ੍ਹਣ ਦੇ ਲਈ ਕੰਮ ਕਰ ਰਹੇ ਹਨ।

ਦੁਨੀਆ ਦੇ ਮੌਜੂਦਾ ਹਲਾਤਾਂ ’ਚ ਸਰਮਾਏਦਾਰ ਵਰਗ ਹਰ ਪਾਸੇ ਨਿਰਾਸ਼ਾ ਤੇ ਤਬਾਹੀ ਦਾ ਮਹੌਲ ਫੈਲਾਅ ਰਿਹਾ ਹੈ, ਜਦਕਿ ਪੂਰੀ ਸਰਮਾਏਦਾਰੀ ਵਿਵਸਥਾ ਚੌਤਰਫਾ ਸੰਕਟ ’ਚ ਫਸੀ ਹੋਈ ਹੈ। ਪਰ ਭਵਿੱਖ ਦੀ ਦਿਸ਼ਾ ਸਾਰੇ ਦੇਸ਼ਾਂ ਦੇ ਮਜ਼ਦੂਰ ਵਰਗ ਤੇ ਲੋਕਾਂ ਦੇ ਹੱਥਾਂ ’ਚ ਹੈ, ਜੋ ਸਰਮਾਏਦਾਰੀ ਹਮਲਿਆਂ ਦੇ ਖਿਲਾਫ਼ ਸੰਘਰਸ਼ ਚਲਾ ਰਹੇ ਹਨ। ਹਿੰਦੁਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ ਉਨ੍ਹਾਂ ਸਾਰਿਆਂ ਦੇ ਨਾਲ ਰਾਜਨੀਤਕ ਏਕਤਾ ਬਨਾਉਣ ਦੇ ਲਈ ਵਚਨਬੱਧ ਹੈ, ਜੋ ਨਸਲਵਾਦ ਤੇ ਸੰਪਰਦਾਇਕਤਾ, ਪੂੰਜੀਵਾਦੀ ਸ਼ੋਸ਼ਣ, ਵੱਡੀਆਂ ਕੰਪਨੀਆਂ ਦੇ ਦਬਾਅ, ਸਮਰਾਜਵਾਦੀ ਜੰਗ ਤੇ ਲੁੱਟ ਤੇ ਸੱਭ ਤਰ੍ਹਾਂ ਦੇ ਸਮਾਜਿਕ ਤੇ ਰਾਸ਼ਟਰੀ ਦਮਨ, ਸੱਭਿਆਚਾਰਕ ਹਮਲਿਆਂ ਤੇ ਪਤਨ ਦਾ ਵਿਰੋਧ ਕਰ ਰਹੇ ਹਨ, ਜੋ ਕਿ ਮੌਜੂਦਾ ਵਿਵਸਥਾ ਦਾ ਹਿੱਸਾ ਹੈ।

ਜਦਕਿ ਸਾਰੀ ਸਰਮਾਏਦਾਰੀ ਵਿਵਸਥਾ ’ਚ ਨਿਰਾਸ਼ਾ ਤੇ ਤਬਾਹੀ ਮਚੀ ਹੋਈ ਹੈ, ਹਰ ਸਾਲ ਗ਼ਦਰੀ ਮੇਲੇ ਦਾ ਆਯੋਜਨ ਇਕ ਤੇਜ਼ ਸੂਰਜ ਦੀ ਰੋਸ਼ਨੀ ਦੀ ਕਿਰਨ ਦੀ ਤਰ੍ਹਾਂ ਹੈ ਜੋ ਲੋਕਾਂ ਨੂੰ ਵਿਸ਼ਵਾਸ ਦਿਵਾਉਂਦੀ ਹੈ ਕਿ ਇਕ ਦਿਨ ਉਨ੍ਹਾਂ ਦੇ ਲਈ ਵੀ ਸਵੇਰਾ ਜ਼ਰੂਰ ਹੋਵੇਗਾ। ਇਹ ਮੇਲਾ ਸਾਡੇ ਇਨਕਲਾਬ ਦੀ ਇਕ ਝਲਕ ਹੈ ਜਿਸ ਨੂੰ ਕੈਨੇਡਾ ’ਚ ਵਸੇ ਦੱਖਣੀ ਏਸ਼ੀਆ ਦੇ ਲੋਕਾਂ ਦੀਆਂ ਕਈ ਪੀੜ੍ਹੀਆਂ ਦੇ ਦੇਸ਼ ਭਗਤਾਂ ਨੇ ਸੰਭਾਲ ਕੇ ਰੱਖਿਆ ਹੈ। ਗ਼ਦਰ ਹੈਰੀਟੇਜ ਆਰਗੇਨਾਈਜੇਸ਼ਨ ਵੱਲੋਂ ਹਰ ਸਾਲ ਲੋਕਾਂ ਨੂੰ ਆਪਣੀ ਧਰੋਹਰ ਦੀ ਰੱਖਿਆ ਕਰਨ ਲਈ ਖੇਡ ਤੇ ਸੱਭਿਆਚਾਰਕ ਮੇਲੇ ਦੇ ਲਈ ਸੰਗਠਤ ਕਰਨਾ ਇਕ ਕਾਬਿਲੇ ਤਾਰੀਫ਼ ਤੇ ਮਹੱਤਵਪੂਰਨ ਕੰਮ ਹੈ। ਇਹ ਮੇਲਾ ਬਹੁਤ ਸਾਰੇ ਲੋਕਾਂ ਦੇ ਲਈ ਕਾਫੀ ਮਾਇਨੇ ਰੱਖਦਾ ਹੈ ਤੇ ਨੋਜਵਾਨਾਂ ਦੇ ਲਈ ਸਿੱਖਿਆ ਤੇ ਪ੍ਰੇਰਣਾ ਦਾ ਸ੍ਰੋਤ ਹੈ।

ਮੈਂ ਇਸ ਮੇਲੇ ਲਈ ਅਤੇ ਗ਼ਦਰ ਹੈਰੀਟੇਜ ਆਰਗੇਨਾਈਜੇਸ਼ਨ ਦੀ ਸਫਲਤਾ ਲਈ ਸ਼ੁੱਭਕਾਮਨਾਵਾਂ ਭੇਜ ਰਿਹਾ ਹਾਂ।

ਲਾਲ ਸਲਾਮ,
ਤੁਹਾਡਾ
ਲਾਲ ਸਿੰਘ,
ਜਨਰਲ ਸੈਕਰੇਟਰੀ, ਹਿੰਦੁਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ

ਲੰਦਨ ਗਏ, ਜਿਥੇ ਉਨ੍ਹਾਂ ਦਾ ਸੰਪਰਕ ਸਾਵਰਕਰ ਤੇ ਸ਼ਿਆਮ ਜੀ ਕ੍ਰਿਸ਼ਨ ਵਰਮਾ ਵਰਗੇ ਇਨਕਲਾਬੀ ਨੌਜਵਾਨਾਂ ਨਾਲ ਹੋਇਆ। ਬਰਤਾਨਵੀ ਹਕੂਮਤ ਦੇ ਚੱਲਦੇ ਹਿੰਦੁਸਤਾਨੀਆਂ ਦੀ ਸ਼ਰਮਨਾਕ ਹਾਲਤ ਨਾਲ ਉਨ੍ਹਾਂ ਨੂੰ ਬਹੁਤ ਤਕਲੀਫ਼ ਹੋਈ। ਖੁਦੀਰਾਮ ਬੋਸ, ਕਨਾਈ ਦੱਤ, ਸਤਿੰਦਰ ਪਾਲ ਤੇ ਕਾਂਸ਼ੀ ਰਾਮ ਵਰਗੇ ਸੁਤੰਤਰਤਾ ਸੇਨਾਨੀਆਂ ਨੂੰ ਫਾਂਸੀ ਦਿੱਤੇ ਜਾਣ ਨਾਲ ਇਨ੍ਹਾਂ ਨੋਜਵਾਨਾਂ ਨੂੰ ਬਹੁਤ ਗੁੱਸਾ ਆਇਆ। ਇਸ ਦੇ ਚੱਲਦੇ ਮਦਨ ਲਾਲ ਢੀਂਗਰਾ ਨੇ ਇੰਗਲੈਂਡ ’ਚ ਇਕ ਆਮ ਸਭਾ ’ਚ ਇਕ ਬਰਤਾਨਵੀ ਸੰਸਦ ਮੈਂਬਰ ਦੀ ਹੱਤਿਆ ਕਰ ਦਿੱਤੀ। ਉਨ੍ਹਾਂ ਦਾ ਮੁਕੱਦਮਾ ਇਕ ਦਿਖਾਵੇ ਦੇ ਤੌਰ ’ਤੇ ਬਿਨਾ ਕਿਸੇ ਵਕੀਲ ਦੇ ਚਲਾਇਆ ਗਿਆ ਤੇ ਉਨ੍ਹਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। 17 ਅਗਸਤ, 1909 ਨੂੰ ਉਨ੍ਹਾਂ ਨੂੰ ਫਾਂਸੀ ’ਤੇ ਚੜ੍ਹਾਇਆ ਗਿਆ। ਉਸ ਵਕਤ ਉਨ੍ਹਾਂ ਦੀ ਉਮਰ ਸਿਰਫ਼ 26 ਸਾਲ ਸੀ।



ਫਾਂਸੀ ’ਤੇ ਚੜ੍ਹਾਏ ਜਾਣ ਦੇ ਕੁਝ ਹੀ ਦਿਨ ਪਹਿਲਾਂ ਮਦਨ ਲਾਲ ਢੀਂਗਰਾ ਨੇ ਕਿਹਾ: ‘‘ਮੇਰਾ ਇਸ ਤਰ੍ਹਾਂ ਮੰਨਣਾ ਹੈ ਕਿ ਜੋ ਰਾਸ਼ਟਰ ਕਿਸੇ ਵਿਦੇਸ਼ੀ ਤਾਕਤ ਦੀ ਬੰਦੂਕ ਦੇ ਹੇਠਾਂ ਦਬਾਇਆ ਜਾ ਰਿਹਾ ਹੋਵੇ, ਉਹ ਹਮੇਸ਼ਾ ਉਸ ਤਾਕਤ ਦੇ ਨਾਲ ਲੜਾਈ ਦੀ ਹਾਲਤ ’ਚ ਰਹਿੰਦਾ ਹੈ। ਸਾਡੀ ਕੌਮ ਨਿਹੱਥੇ ਹੋਣ ਦੀ ਵਜ੍ਹਾ ਨਾਲ ਖੁੱਲ੍ਹੀ ਜੰਗ ਨਹੀਂ ਚਲਾ ਸਕਦੀ, ਇਸ ਲਈ ਮੈਂ ਲੁਕ ਕੇ ਵਾਰ ਕੀਤਾ। ਕਿਉਂਕਿ ਮੇਰੇ ਕੋਲ ਬੰਦੂਕ ਨਹੀਂ ਸੀ ਇਸ ਲਈ ਮੈਂ ਪਿਸਤੌਲ ਨਾਲ ਗੋਲੀ ਚਲਾਈ। ਆਪਣੀ ਮਾਤ-ਭੂਮੀ ਨੂੰ ਦੇਣ ਲਈ ਮੇਰੇ ਕੋਲ ਮੇਰਾ ਸਿਰਫ਼ ਲਹੂ ਹੈ। ਇਸ ਲਈ ਮੈਂ ਆਪਣਾ ਲਹੂ ਉਸ ਦੀ ਝੋਲੀ ਪਾ ਦਿੱਤਾ ਹੈ। ਅੱਜ ਸਾਨੂੰ ਹਿੰਦੁਸਤਾਨੀਆਂ ਨੂੰ ਸਿਰਫ਼ ਇਕ ਹੀ ਪਾਠ ਸਿੱਖਣਾ ਹੈ, ਮਰਨ ਦਾ ਪਾਠ, ਤੇ ਇਸ ਨੂੰ ਸਿੱਖਣ ਦਾ ਸਿਰਫ਼ ਇਕ ਹੀ ਤਰੀਕਾ ਹੈ, ਮਾਤ-ਭੂਮੀ ਦੇ ਲਈ ਆਪਣਾ-ਆਪ ਬਲਿਦਾਨ ਕਰ ਦੇਣਾ। ਭਗਵਾਨ ਤੋਂ ਸਿਰਫ਼ ਮੇਰੀ ਇੰਨੀ ਹੀ ਆਸ ਹੈ, ਮੈਂ ਇਸੇ ਮਾਂ ਦੀ ਕੁੱਖੋਂ ਫਿਰ ਤੋਂ ਜਨਮ ਲਵਾਂ ਤੇ ਫਿਰ ਇਕ ਵਾਰ ਉਸ ਦੇ ਲਈ ਆਪਣੇ-ਆਪ ਦਾ ਬਲਿਦਾਨ ਦੇ ਸਕਾਂ, ਜਦ ਤੱਕ ਮੇਰੀ ਮਾਂ ਨੂੰ ਮੁਕਤ ਕਰਵਾਉਣ ਦਾ ਮੇਰਾ ਮਕਸਦ ਪੂਰਾ ਨਹੀਂ ਹੋ ਜਾਂਦਾ। ਵੰਦੇ ਮਾਤਰਮ!’’

ਪ੍ਰੋਗਰਾਮ ਦੀ ਸ਼ੁਰੂਆਤ ’ਚ ਕਾਮਰੇਡ ਗੁਰਦੇਵ ਨੇ ਸਾਰਿਆਂ ਦਾ ਸਵਾਗਤ ਕੀਤਾ। ਉਨ੍ਹਾਂ ਨੇ ਕਿਹਾ ਕਿ ਇਹ ਪ੍ਰੋਗਰਾਮ ਕੈਨੇਡਾ ’ਚ ਵਸੇ ਹਿੰਦੁਸਤਾਨੀਆਂ ਦੀ ਕ੍ਰਾਂਤੀਕਾਰੀ ਪਰੰਪਰਾ ਦਾ ਹਿੱਸਾ ਹੈ। ਕਰੀਬ ਇਕ ਸ਼ਤਾਬਦੀ ਪਹਿਲਾਂ ਉੱਤਰੀ ਅਮਰੀਕਾ ’ਚ ਵਸੇ ਪ੍ਰਵਾਸੀ ਹਿੰਦੁਸਤਾਨੀਆਂ ਨੇ ਆਪਣੀ ਇੱਜ਼ਤ ਤੇ ਮਰਿਆਦਾ ਦੀ ਹਿਫ਼ਾਜ਼ਤ ’ਚ ਤੇ ਹਿੰਦੁਸਤਾਨ ’ਚੋਂ ਬਰਤਾਨਵੀ ਬਸਤੀਵਾਦ ਨੂੰ ਪੁੱਟ ਸੁੱਟਣ ਦੇ ਲਈ ਇਸ ਤਰ੍ਹਾਂ ਦੇ ਪ੍ਰੋਗਰਾਮ ਕਰਵਾਉਣ ਦਾ ਕੰਮ ਸ਼ੁਰੂ ਕੀਤਾ। ਕੈਨੇਡਾ, ਅਮਰੀਕਾ, ਤੇ ਬ੍ਰਿਟੇਨ ’ਚ ਵਸੇ ਕਈ ਹਿੰਦੁਸਤਾਨੀ ਗ਼ਦਰ ਅੰਦੋਲਨ ਦੇ ਯੋਧੇ ਬਣੇ, ਜਿਨ੍ਹਾਂ ਦਾ ਉਦੇਸ਼ ਸੀ ਹਿੰਦੁਸਤਾਨ ਨੂੰ ਬਸਤੀਵਾਦੀ ਹਕੂਮਤ ਤੋਂ ਆਜ਼ਾਦੀ ਦਿਵਾਉਣਾ।

ਬਰਤਾਨਵੀਆਂ ਤੋਂ ਹਿੰਦੁਸਤਾਨ ਦੀ ਆਜ਼ਾਦੀ ਦਾ ਮਤਲਬ ਹੈ ਕਿ ਬਸਤੀਵਾਦੀ ਹਕੂਮਤ ਦਾ ਅੰਤ। ਪਰ ਪਿਛਲੇ 62 ਸਾਲਦਾ ਇਤਿਹਾਸ ਸਾਨੂੰ ਦਿਖਾਉਂਦਾ ਹੈ ਕਿ ਪੂੰਜੀਵਾਦ ਤੇ ਸਾਮਰਾਜਵਾਦੀ ਲੁੱਟ ਦੇ ਰੂਪ ’ਚ ਬਸਤੀਵਾਦੀ ਵਿਰਾਸਤ ਅਜੇ ਵੀ ਜਾਰੀ ਹੈ, ਜਿਸ ਦੇ ਚੱਲਦੇ ਲੱਖਾਂ ਕਰੋੜਾਂ ਹਿੰਦੁਸਤਾਨੀਆਂ ਉੱਤੇ ਤਬਾਹੀ ਵਰ੍ਹ ਰਹੀ ਹੈ। ਤੇ ਦੂਜੇ ਪਾਸੇ ਹਿੰਦੁਸਤਾਨ ਦੇ ਵੱਡੇ ਸਰਮਾਏਦਾਰ ਹੋਰ ਜ਼ਿਆਦਾ ਅਮੀਰ ਬਣੇ ਹਨ ਤੇ ਦੁਨੀਆਂ ’ਚ ਇਕ ਵੱਡੀ ਸਾਮਰਾਜਵਾਦੀ ਤਾਕਤ ਬਣ ਕੇ ਉਭਰਨ ਦੀ ਕੋਸ਼ਿਸ਼ ਕਰ ਰਹੇ ਹਨ। ਬਸਤੀਵਾਦ ਵਿਰੋਧੀ ਸੰਘਰਸ਼ ਦੇ ਸਾਡੇ ਸ਼ਹੀਦਾਂ ਤੇ ਕ੍ਰਾਂਤੀਕਾਰੀਆਂ ਨੇ ਇਸ ਦੇ ਲਈ ਸੰਘਰਸ਼ ਨਹੀਂ ਚਲਾਇਆ ਸੀ। ਇਸ ਲਈ ਬਸਤੀਵਾਦ ਦੇ ਖਤਮ ਹੋਣ ਦੇ ਬਾਅਦ ਦੇ ਦੌਰ ’ਚ ਗ਼ਦਰ ਅੰਦੋਲਨ ਜਾਰੀ ਹੈ ਤੇ ਵਿਦੇਸ਼ਾਂ ’ਚ ਵਸੇ ਹਿੰਦੁਸਤਾਨੀ ਕ੍ਰਾਂਤੀਕਾਰੀ, ਹਿੰਦੁਸਤਾਨ ਨੂੰ ਪੂੰਜੀਵਾਦੀ ਤੇ ਬਸਤੀਵਾਦੀ ਵਿਰਾਸਤ ਤੋਂ ਆਜ਼ਾਦ ਕਰਵਾਉਣ ਦੇ ਲਈ ਸੰਘਰਸ਼ ਕਰ ਰਹੇ ਹਨ। ਇਸ ਤਰ੍ਹਾਂ ਕਾਮਰੇਡ ਗੁਰਦੇਵ ਨੇ ਆਪਣੇ ਭਾਸ਼ਣ ’ਚ ਪ੍ਰੋਗਰਾਮ ਦੀ ਦਿਸ਼ਾ ਤੈਅ ਕੀਤੀ ਅਤੇ ਹਾਜ਼ਰ ਲੋਕਾਂ ਨੇ ਉਨ੍ਹਾਂ ਦੇ ਭਾਸ਼ਣ ਦਾ ਸਵਾਗਤ ਕੀਤਾ।

ਇਸ ਦੇ ਬਾਅਦ ਪੰਜਾਬੀ ਥੀਏਟਰ ਦੇ ਕਲਾਕਾਰ ਸਿੰਗਾਰਾ ਸਮਰਾ ਨੇ ‘ਸ਼ਹੀਦਾਂ ਨੂੰ ਸਲਾਮ’ ਇਹ ਗੀਤ ਸੁਣਾਇਆ। ਇਸ ਗੀਤ ’ਚ ਲੱਖਾਂ-ਕਰੋੜਾਂ ਲੋਕਾਂ ਦੀ ਦਿਲ ਦੀ ਆਵਾਜ਼ ਸੀ ਜੋ ਇਹ ਸੋਚਦੇ ਹਨ ਕਿ ਸਾਡੇ ਸ਼ਹੀਦਾਂ ਦੇ ਸੁਪਨੇ ਅਜੇ ਪੂਰੇ ਨਹੀਂ ਹੋਏ ਹਨ ਤੇ ਸਾਨੂੰ ਉਨ੍ਹਾਂ ਦੇ ਸੁਪਨਿਆਂ ਨੂੰ ਹਾਸਲ ਕਰਨ ਦੇ ਲਈ ਸੰਘਰਸ਼ ਕਰਨਾ ਹੋਵੇਗਾ।

ਇਸ ਦੇ ਬਾਅਦ ਇਕ ਕਾਮਰੇਡ ਨੇ 1857 ਦੇ ਗ਼ਦਰ ’ਤੇ ਬਣੀ ਇੱਕ ਡਾਕੂਮੈਂਟਰੀ ਬਾਰੇ ਸੰਖੇਪ 'ਚ ਦੱਸਿਆ। ਇਹ ਬਰਤਾਨਵੀ ਬਸਤੀਵਾਦੀਆਂ ਦੇ



ਖਿਲਾਫ਼ ਲੜੀ ਗਈ ਇਕ ਮਹਾਨ ਲੜਾਈ ਸੀ। ਉਨ੍ਹਾਂ ਨੇ ਦੱਸਿਆ ਕਿ ਬਰਤਾਨਵੀ ਬਸਤੀਵਾਦੀਆਂ ਅਤੇ ਉਨ੍ਹਾਂ ਦੇ ਬਾਅਦ ਹਿੰਦੁਸਤਾਨੀ ਹੁਕਮਰਾਨਾਂ ਨੇ ਜਾਣ ਬੁੱਝ ਕੇ 1857 ਦੇ ਗ਼ਦਰ ਦੇ ਮਹੱਤਵ ਨੂੰ ਲੁਕਾਇਆ ਤੇ ਉਸ ਦੀ ਸੱਚਾਈ ਨੂੰ ਤੋੜ-ਮੋੜ ਕੇ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਇਸ ਡਾਕੂਮੈਂਟਰੀ ਦਾ ਇਕ ਹੀ ਸੰਦੇਸ਼ ਹੈ, ਸਾਨੂੰ ਇਸ ਗ਼ਦਰ ਨੂੰ ਜਾਰੀ ਰੱਖਣਾ ਹੋਵੇਗਾ ਤੇ ਇਕ ਨਵੇਂ ਸਮਾਜ ਦਾ ਨਿਰਮਾਣ ਕਰਨਾ ਹੋਵੇਗਾ। ਉਨ੍ਹਾਂ ਨੇ ਕਿਹਾ ਕਿ ਇਸ ਡਾਕੂਮੈਂਟਰੀ ਨੂੰ ਪੰਜਾਬੀ ਤੇ ਹੋਰ ਭਾਸ਼ਾਵਾਂ ਵਿਚ ਅਨੁਵਾਦ ਕੀਤਾ ਜਾਵੇਗਾ ਤਾਂਕਿ ਇਸ ਇਤਿਹਾਸਿਕ ਲੜਾਈ ਨੂੰ ਆਮ ਲੋਕਾਂ ਤੱਕ ਪਹੁੰਚਾਇਆ ਜਾ ਸਕੇ। ਯਾਰਕ ਯੂਨੀਵਰਸਿਟੀ ਦੀ ਸੀ ਯੂ ਪੀ ਈ ਯੂਨੀਅਨ ਦੇ ਰਾਜ ਵਿਰਕ ਨੇ ਆਪਣੇ ਸੰਗਠਨ ਦੇ ਲੰਬੇ ਸੰਘਰਸ਼ ਦੇ ਬਾਰੇ 'ਚ ਦੱਸਿਆ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੀ ਯੂਨੀਅਨ ਦੇ ਮੈਂਬਰ ਜੋ ਕਿ ਪੀ. ਐਚ. ਡੀ. ਦੇ ਵਿਦਿਆਰਥੀ ਤੇ ਸਹਾਇਕ ਸਿੱਖਿਅਕ ਹਨ, ਉਹ ਆਪਣੀ ਨੌਕਰੀ ਦੀ ਸੁਰੱਖਿਆ ਨੂੰ ਲੈ ਕੇ ਬਹੁਤ ਚਿੰਤਤ ਹਨ। ਉਨ੍ਹਾਂ ਨੂੰ ਅਸਥਾਈ ਤੌਰ 'ਤੇ ਕੰਮ ਕਰਨਾ ਪੈਂਦਾ ਹੈ ਤੇ ਉਹ ਮੌਜੂਦਾ ਆਰਥਿਕ ਸੰਕਟ ਤੇ ਪੂੰਜੀਵਾਦੀ ਸ਼ੋਸ਼ਣ ਦਾ ਸ਼ਿਕਾਰ ਹਨ। ਉਨ੍ਹਾਂ ਨੇ ਕਿਹਾ ਕਿ ਪੀ. ਐਚ. ਡੀ. ਦੇ ਵਿਦਿਆਰਥੀਆਂ ਤੇ ਉੱਚ ਸਿੱਖਿਅਤ ਪ੍ਰੋਫੈਸਰਾਂ ਨੂੰ ਨੌਕਰੀ ਦੀ ਕੋਈ ਸੁਰੱਖਿਆ ਨਹੀਂ ਹੈ ਤੇ ਉਨ੍ਹਾਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ। ਯੂਨੀਵਰਸਿਟੀ 'ਚ ਸਥਾਈ ਨੌਕਰੀਆਂ ਘੱਟ ਹੁੰਦੀਆਂ ਜਾ ਰਹੀਆਂ ਹਨ ਤੇ ਕੰਟ੍ਰੈਕਟ ਨੌਕਰੀਆਂ ਵਧਾਈਆਂ ਜਾ ਰਹੀਆਂ ਹਨ। ਸਰਕਾਰ ਨੇ ਹੜਤਾਲ ਨੂੰ ਜ਼ੋਰ ਜ਼ਬਰਦਸਤੀ ਨਾਲ ਰੋਕਿਆ ਤੇ ਇਸ ਨਾਲ ਸਾਫ਼ ਹੋ ਗਿਆ ਕਿ ਇਹ ਸਰਕਾਰ ਪੂੰਜੀਪਤੀਆਂ ਦੀ ਸਰਕਾਰ ਹੈ ਤੇ ਮਜ਼ਦੂਰਾਂ ਦੇ ਖਿਲਾਫ਼ ਹੈ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦੀ ਯੂਨੀਅਨ ਨੇ ਸਰਕਾਰ ਦੇ ਖਿਲਾਫ਼ ਅੰਤਰਰਾਸ਼ਟਰੀ ਮਜ਼ਦੂਰ ਸੰਗਠਨ (ਸੰਯੁਕਤ ਰਾਸ਼ਟਰ ਸੰਘ ਦੀ ਇਕ ਸੰਸਥਾ) ਆਈ. ਐਲ. ਓ. 'ਚ ਸ਼ਿਕਾਇਤ ਦਰਜ ਕੀਤੀ ਹੈ।

ਇਸ ਦੇ ਬਾਅਦ ਕੈਨੇਡਾ 'ਚ ਹਿੰਦੁਸਤਾਨੀ ਸਮੂਹ ਦੇ ਪ੍ਰਤਿਭਾਸ਼ਾਲੀ ਲੇਖਕ ਕੁਲਵਿੰਦਰ ਖੇੜਾ ਨੇ ਇਕ ਪੇਪਰ ਪੇਸ਼ ਕੀਤਾ। ਇਹ ਪੇਪਰ ਮਦਨ ਲਾਲ ਢੀਂਗਰਾ ਦੇ ਜੀਵਨ ਤੇ ਸੰਘਰਸ਼ ਬਾਰੇ ਸੀ।

ਪਾਕਿਸਤਾਨ ਦੇ ਇਕ ਰਾਜਨੀਤਿਕ ਕਾਰਜਕਰਤਾ ਅਜ਼ੀਮ ਮੁਹੰਮਦ, ਜੋ ਕਿ ਨਿਊਯਾਰਕ ਯੂਨੀਵਰਸਿਟੀ 'ਚ ਕਨੂੰਨ ਦੇ ਵਿਸ਼ੇ 'ਚ ਪੀ. ਐਚ. ਡੀ. ਕਰ ਰਹੇ ਹਨ, ਨੇ ਨਾਟੋ ਦੀ ਅਲੋਚਨਾ ਕਰਦੇ ਹੋਏ ਕਿਹਾ ਕਿ ਇਹ ਤਾਕਤਾਂ ''ਅੱਤਵਾਦ ਦਾ ਖਾਤਮਾ'' ਕਰਨ ਦੇ ਨਾਂਅ 'ਤੇ ਪਾਕਿਸਤਾਨ ਅਤੇ ਅਫਗਾਨਿਸਤਾਨ 'ਚ ਤਬਾਹੀ ਮਚਾ ਰਹੀਆਂ ਹਨ। ਅੱਗੇ ਉਨ੍ਹਾਂ ਨੇ ਕਿਹਾ ਕਿ ਕਿਸ ਤਰ੍ਹਾਂ ਪਾਕਿਸਤਾਨ ਦੇ ਗੱਦਾਰ ਹੁਕਮਰਾਨ 1947 ਦੀ ਤ੍ਰਾਸਦੀ ਨੂੰ ਮਹਾਨ ਸਫ਼ਲਤਾ ਦੇ ਰੂਪ 'ਚ ਪੇਸ਼ ਕਰਦੇ ਆਏ ਹਨ। ਉਨ੍ਹਾਂ ਨੇ ਦੱਸਿਆ ਕਿ ਕਿਸ ਤਰ੍ਹਾਂ ਨਾਲ ਪਾਕਿਸਤਾਨੀ ਲੋਕ ਇਸ ਇਲਾਕੇ 'ਚ ਸਾਮਰਾਜਵਾਦੀਆਂ ਅਤੇ ਪਾਕਿਸਤਾਨੀ ਹੁਕਮਰਾਨਾਂ ਵੱਲੋਂ ਥੋਪੇ ਗਏ ਹਲਾਤਾਂ ਦੀ ਸਜ਼ਾ ਭੁਗਤ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ''ਅੱਜ ਪਾਕਿਸਤਾਨ ਦੇ ਲੋਕ ਜੋ ਸੰਘਰਸ਼ ਛੇੜ ਰਹੇ ਹਨ ਉਹ ਗਦਰੀਆਂ ਵੱਲੋਂ ਸੰਘਰਸ਼ ਦੀ ਹੀ ਪੁਸ਼ਟੀ ਕਰਦਾ ਹੈ।'' ''1947 ਦੇ ਪਹਿਲਾਂ ਅਸੀਂ ਇਕ ਦੇਸ਼ ਸੀ, ਤੇ ਅੱਜ ਦੋ ਦੇਸ਼ਾਂ ਵਿਚ ਵੰਡੇ ਗਏ ਹਾਂ, ਪਰ ਸਾਡੀ ਲੜਾਈ ਅੱਜ ਵੀ ਸਾਡੇ ਹੱਕਾਂ ਦੀ ਰੱਖਿਆ 'ਚ ਆਪਣੇ ਸਾਂਝੇ ਦੁਸ਼ਮਨ ਦੇ ਖਿਲਾਫ਼ ਹੈ।'' ਹਾਜ਼ਰ ਲੋਕਾਂ ਨੇ ਆਜ਼ਮੀ ਦੀ ਪੇਸ਼ਕਾਰੀ ਨੂੰ ਬੜੇ ਧਿਆਨ ਨਾਲ ਸੁਣਿਆ।

ਓਂਕਾਰਪ੍ਰੀਤ ਨੇ ਕਿਹਾ ਅੱਜ ਸਾਡੇ ਸਾਹਮਣੇ ਜੋ ਹਾਲਾਤ ਹਨ ਉਨ੍ਹਾਂ ਨੂੰ ਓਪਰੇ ਤੋਰ 'ਤੇ ਨਹੀਂ ਦੇਖਿਆ ਜਾਣਾ ਚਾਹੀਦਾ, ਬਲਕਿ ਉਨ੍ਹਾਂ ਦਾ ਗੰਭੀਰਤਾ ਦੇ ਨਾਲ ਗਹਿਰਾਈ ਨਾਲ ਵਿਸ਼ਲੇਸ਼ਣ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਇਕ ਕਵਿਤਾ ਪੇਸ਼ ਕੀਤੀ। ਕਵਿਤਾ ਦੀਆਂ ਲਾਈਨਾਂ ਕੁਝ ਇਸ ਤਰ੍ਹਾਂ ਹਨ : ''ਜਨਤੰਤਰ ਤੇ ਇਕ ਨਿਆਂਪੂਰਨ ਸਮਾਜ ਦਾ ਸੁਪਨਾ ਲੈ ਕੇ ਲੋਕ ਫਾਂਸੀ 'ਤੇ ਚੜ੍ਹ ਗਏ, ਅੱਜ ਦੇ ਜਨਤੰਤਰ ਨੇ ਉਨ੍ਹਾਂ ਸ਼ਹੀਦਾਂ ਦੇ ਸੁਪਨੇ ਨੂੰ ਹੀ ਫਾਂਸੀ 'ਤੇ ਚੜ੍ਹਾ ਦਿੱਤਾ ਹੈ।'' ਇਸ ਨੂੰ ਸੁਣ ਕੇ ਮੌਜੂਦ ਲੋਕਾਂ ਨੇ ਉਨ੍ਹਾਂ ਦਾ ਤਾੜੀਆਂ ਨਾਲ ਸਵਾਗਤ ਕੀਤਾ।

ਪੰਜ ਪਾਣੀ ਅਖ਼ਬਾਰ ਦੇ ਸੰਸਥਾਪਕ ਜੋਗਿੰਦਰ ਗਰੇਵਾਲ ਨੇ ਆਪਣੇ ਭਾਸ਼ਣ ਵਿਚ ਕਿਹਾ ਕਿ ਸਾਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਅੱਜ ਅਸੀਂ ਉਨ੍ਹਾਂ ਲੋਕਾਂ ਨੂੰ ਯਾਦ ਕਰ ਰਹੇ ਹਾਂ ਜਿਨ੍ਹਾਂ ਨੇ ਲੋਕਾਂ ਦੀ ਆਜ਼ਾਦੀ ਲਈ ਆਪਣੀ ਜਾਨ ਦੀ ਕੁਰਬਾਨੀ ਦਿੱਤੀ ਹੈ, ਤੇ ਜਿਨ੍ਹਾਂ ਨੂੰ ਭੁਲਾ ਦਿੱਤਾ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਮਦਨ ਲਾਲ ਢੀਂਗਰਾ ਦੀ ਯਾਦ 'ਚ ਜੋ ਮੂਰਤੀ ਅੰਮ੍ਰਿਤਸਰ 'ਚ ਖੜ੍ਹੀ ਕੀਤੀ ਗਈ ਹੈ, ਉਹ ਤਰਸਯੋਗ ਹਾਲਤ 'ਚ ਹੈ। ਸਾਨੂੰ ਇਕਜੁਟ ਹੋ ਕੇ ਲੜਨਾ ਹੋਵੇਗਾ ਤੇ ਧਰਮ ਤੇ ਜਾਤੀ ਦੇ ਆਧਾਰ 'ਤੇ ਵੰਡ ਨਹੀਂ ਹੋਣਾ ਚਾਹੀਦਾ।

ਅਖੀਰ 'ਚ ਡਾ. ਬਲਜਿੰਦਰ ਸੇਖੋਂ ਨੇ "ਮੌਜੂਦਾ ਹਾਲਾਤਾਂ 'ਚ ਗ਼ਦਰ ਅੰਦੋਲਨ'', ਇਹ ਪੇਪਰ ਪੇਸ਼ ਕੀਤਾ। ਉਨ੍ਹਾਂ ਨੇ ਸੰਖੇਪ 'ਚ ਗ਼ਦਰ ਪਾਰਟੀ ਬਾਰੇ ਦੱਸਿਆ ਤੇ ਕਿਹਾ ਕਿ ਉਸ ਦਾ ਉਦੇਸ਼ ਹਿੰਦੁਸਤਾਨ 'ਚ ਸਮਾਜਵਾਦ ਦਾ ਨਿਰਮਾਣ ਕਰਨਾ ਸੀ। ਉਨ੍ਹਾਂ ਨੇ ਕਿਹਾ ਕਿ ਗ਼ਦਰੀ ਬਾਬਿਆਂ ਦੇ ਮੁਤਾਬਿਕ ਧਰਮ ਦਾ ਮਤਲਬ ਹੈ ਦੇਸ਼ਭਗਤੀ, ਤੇ ਨਾ ਕਿ ਕਿਸੇ ਭਗਵਾਨ ਦੀ ਪੂਜਾ। ਉਨ੍ਹਾਂ ਨੇ ਆਪਣੀ ਪੇਸ਼ਕਾਰੀ ਇਕ ਸਲਾਈਡ ਸ਼ੋਅ ਦੇ ਜ਼ਰੀਏ ਕੀਤੀ। ਮੌਜੂਦਾ ਅੰਕੜਿਆਂ ਦੇ ਉਦਾਹਰਣਾਂ ਨਾਲ ਉਨ੍ਹਾਂ ਨੇ ਦਿਖਾਇਆ ਕਿ ਕਿਸ ਤਰ੍ਹਾਂ ਨਾਲ ਪੂੰਜੀਵਾਦ ਦੇ ਚੱਲਦੇ ਲੋਕਾਂ ਦੀ ਜ਼ਿੰਦਗੀ ਤੇ ਰੋਜ਼ੀ-ਰੋਟੀ ਦੇ ਹਾਲਾਤ ਦਿਨ-ਬ-ਦਿਨ ਖਰਾਬ ਹੁੰਦੇ ਜਾ ਰਹੇ ਹਨ। ਸੱਟਾ ਬਾਜ਼ਾਰ (ਵਾਲ ਸਟਰੀਟ) ਨੇ ਆਮ ਆਦਮੀ ਨੂੰ ਖਾ ਲਿਆ ਹੈ ਤੇ ਉਸਦੀ ਸਾਰੀ ਜਮ੍ਹਾਂ ਪੂੰਜੀ ਤੇ ਜਾਇਦਾਦ ਇਸ 'ਚ ਤਬਾਹ ਹੋ ਚੁੱਕੀ ਹੈ, ਜਦਕਿ ਸਭ ਤੋਂ ਵੱਡੇ ਅਮੀਰਾਂ ਦਾ ਕੋਈ ਨੁਕਸਾਨ ਨਹੀਂ ਹੋਇਆ ਹੈ। ਹਿੰਦੁਸਤਾਨ ਦੇ ਹੁਕਮਰਾਨਾਂ ਨੇ 1991 'ਚ ਉਦਾਰੀਕਰਨ, ਨਿੱਜੀਕਰਨ ਤੇ ਭੂਮੰਡਲੀਕਰਨ ਦੇ ਰਸਤੇ 'ਤੇ ਚੱਲਣਾ ਸ਼ੁਰੂ ਕੀਤਾ ਤੇ ਇਹ ਦਾਅਵਾ ਕੀਤਾ ਕਿ ਇਸ ਨਾਲ ਹਿੰਦੁਸਤਾਨ ਤਰੱਕੀ ਕਰੇਗਾ, ਪਰ ਇਸ ਦਾ ਨਤੀਜਾ ਇਹ ਹੋਇਆ ਕਿ ਅਮੀਰ ਹੋਰ ਜ਼ਿਆਦਾ ਅਮੀਰ ਬਣੇ ਹਨ ਤੇ ਬਹੁਤ ਸਾਰੇ ਲੋਕਾਂ ਦੀ ਜ਼ਿੰਦਗੀ ਬਰਬਾਦ ਹੋਈ ਹੈ। ਪੰਜਾਬ ਦੀ ਸਰਕਾਰ ਕਹਿੰਦੀ ਹੈ ਕਿ ਪੰਜਾਬ 'ਚ ਖੇਤੀ ਦੀ ਜ਼ਰੂਰਤ ਨਹੀਂ ਹੈ। ਇਕ ਖੇਤੀ ਯੂਨੀਵਰਸਿਟੀ 'ਚ ਪ੍ਰੋਫੈਸਰਾਂ ਦੀ ਸੰਖਿਆ 1200 ਤੋਂ ਘਟਾ ਕੇ 700 ਕਰ ਦਿੱਤੀ ਗਈ ਹੈ। ਲੋਕਾਂ ਨੇ ਡਾ. ਸੇਖੋਂ ਦੀ ਪੇਸ਼ਕਾਰੀ ਨੂੰ ਗੌਰ ਨਾਲ ਸੁਣਿਆ।

ਇਸ ਦੇ ਬਾਅਦ ਅਲਗ-ਅਲਗ ਪਾਰਟੀਆਂ ਦੇ ਸੰਦੇਸ਼ ਪੜ੍ਹੇ ਗਏ।ਪਹਿਲਾਂ ਹਿੰਦੁਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ ਦਾ ਸੰਦੇਸ਼ ਪੜ੍ਹਿਆ ਗਿਆ ਤੇ ਉਸ ਦੇ ਬਾਅਦ ਵਿਨੀਪੇਗ ਤੋਂ ਕਾਮਰੇਡ ਗੁਰਦੀਪ ਨੇ ਸੀ. ਪੀ. ਸੀ. (ਐਮ. ਐਲ.) ਦੀ ਮੈਨੀਟੋਬਾ ਸ਼ਾਖਾ ਦਾ ਸੰਦੇਸ਼ ਪੜ੍ਹ ਕੇ ਸੁਣਾਇਆ। ਉਨ੍ਹਾਂ ਨੇ ਹਿੰਦੁਸਤਾਨੀ ਲੋਕਾਂ ਵੱਲੋਂ ਆਪਣੇ ਹੱਕਾਂ ਦੀ ਰਾਖੀ 'ਚ ਸੰਘਰਸ਼ ਦੀ ਬਹਾਦੁਰ ਪਰੰਪਰਾ ਨੂੰ ਸਲਾਮ ਕੀਤਾ। ਅਖੀਰ 'ਚ ਇਕ ਸਵਾਲ-ਜਵਾਬ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਪੂਰੇ ਹਾਲ ਨੂੰ ਗ਼ਦਰੀ ਬਾਬਿਆਂ ਦੀਆਂ ਤਸਵੀਰਾਂ ਨਾਲ ਸਜਾਇਆ ਗਿਆ ਸੀ ਤੇ ਲੋਕਾਂ ਨੇ ਪ੍ਰਦਰਸ਼ਨੀ ਨੂੰ ਬੜੇ ਉਤਸਾਹ ਨਾਲ ਦੇਖਿਆ। ਲੋਕਾਂ ਨੇ ਉਥੇ ਰੱਖਿਆ ਗਿਆ ਪ੍ਰਗਤੀਸ਼ੀਲ ਸਾਹਿਤ ਵੀ ਖਰੀਦਿਆ।

ਅਖੀਰ 'ਚ ਕਾਮਰੇਡ ਗੁਰੂਦੇਵ ਨੇ ਸਾਰੇ ਲੋਕਾਂ ਦਾ ਧੰਨਵਾਦ ਕੀਤਾ ਤੇ ਜੋਸ਼ ਤੇ ਉਤਸਾਹ ਦੇ ਮਹੌਲ 'ਚ ਸਭਾ ਦੀ ਸਮਾਪਤੀ ਹੋਈ। ■

## ਬਾਲਕੋ 'ਚ ਚਿਮਨੀ ਡਿੱਗਣ ਨਾਲ ਮਜ਼ਦੂਰਾਂ ਦੀ ਮੌਤ

# ਇਜਾਰੇਦਾਰ ਕੰਪਨੀ ਦੀ ਜ਼ਿਆਦਾ ਮੁਨਾਫ਼ਿਆਂ ਦੀ ਕਾਤਲਾਨਾ ਹਵਸ

ਸਤੰਬਰ, 2009 ਨੂੰ ਛੱਤੀਸਗੜ੍ਹ ਦੇ ਕੋਰਬਾ 'ਚ ਸਥਿਤ ਬਾਲਕੋ ਪਲਾਂਟ 'ਚ, ਭਾਰੀ ਵਰਖਾ ਤੇ ਬਿਜਲੀ ਡਿੱਗਣ ਦੇ ਦੌਰਾਨ, ਨਿਰਮਾਣ ਅਧੀਨ 100 ਮੀਟਰ ਉੱਚੀ ਚਿਮਨੀ ਡਿੱਗ ਗਈ। ਇਸ ਦੇ ਹੇਠਾਂ ਕਈ ਮਜ਼ਦੂਰ ਫਸ ਗਏ। ਅਗਲੇ ਚਾਰ ਦਿਨਾਂ ਤੱਕ ਰਾਹਤ ਕੰਮ ਚੱਲਦਾ ਰਿਹਾ ਤੇ ਅਖ਼ਬਾਰਾਂ 'ਚ ਇਹ ਰਿਪੋਰਟ ਆਈ ਕਿ 41 ਲਾਸ਼ਾਂ ਮਿਲੀਆਂ ਤੇ ਕਈ ਮਜ਼ਦੂਰ ਘਾਇਲ ਹੋਏ ਤੇ ਹਸਪਤਾਲ 'ਚ ਜ਼ਿੰਦਗੀ ਤੇ ਮੌਤ ਦਾ ਸੰਘਰਸ਼ ਕਰ ਰਹੇ ਹਨ। ਮਰੇ ਤੇ ਘਾਇਲ ਮਜ਼ਦੂਰ ਜ਼ਿਆਦਾ ਸੰਖਿਆ 'ਚ ਬਿਹਾਰ ਤੇ ਝਾਰਖੰਡ ਤੋਂ ਆਏ ਹੋਏ ਸਨ।

ਚਿਮਨੀ 275 ਮੀਟਰ ਉੱਚੀ ਬਣਾਈ ਜਾਣੀ ਸੀ। ਇਹ 1200 ਮੈਗਾਵਾਟ ਕੋਲੇ ਨਾਲ ਚੱਲਣ ਵਾਲੇ ਬਿਜਲੀ ਦੇ ਪਲਾਂਟ ਲਈ ਬਣਾਈ ਜਾ ਰਹੀ ਸੀ। ਬਾਲਕੋ ਇਸ ਸਮੇਂ ਹਰੇਕ ਵਰ੍ਹੇ 345,000 ਟਨ ਅਲਮੀਨੀਅਮ ਦਾ ਉਤਪਾਦਨ ਕਰਦਾ ਹੈ। ਕੰਪਨੀ ਦੇ ਅਧਿਕਾਰੀਆਂ ਦੇ ਅਨੁਸਾਰ, ਬਨਣ ਵਾਲਾ ਬਿਜਲੀ ਦਾ ਪਲਾਂਟ, ਜੋ 600 ਮੈਗਾਵਾਟ ਦੇ 2 ਯੂਨਿਟਾਂ 'ਚੋਂ ਇਕ ਹੈ, ਉਹ ਬਾਲਕੋ ਦੀ ਉਤਪਾਦਨ ਯੋਗਤਾ ਨੂੰ ਦੁੱਗਣਾ ਕਰਨ ਦੇ ਲਈ ਬਣਾਇਆ ਜਾ ਰਿਹਾ ਸੀ। ਦੁਰਘਟਨਾ ਦੀ ਜਾਂਚ ਕਰਨ ਵਾਲੀ ਕੋਰਬਾ ਪੁਲਿਸ ਦੇ ਅਨੁਸਾਰ, ਚਿਮਨੀ ਦੇ ਨਿਰਮਾਣ ਵਿਚ ਖਰਾਬ ਮਾਲ ਦਾ ਇਸਤੇਮਾਲ ਕੀਤਾ ਗਿਆ ਸੀ- 18 ਤੋਂ 20 ਮਿਲੀਮੀਟਰ ਦੀ ਚੌੜਾਈ ਦੇ ਇਸਪਾਤ ਦੇ ਰਾਡ ਇਸਤੇਮਾਲ ਕੀਤੇ ਗਏ ਸਨ, ਜਦਕਿ 32 ਮਿਲੀਮੀਟਰ ਦੀ ਚੌੜਾਈ ਦੇ ਰਾਡ ਇਸਤੇਮਾਲ ਹੋਣੇ ਚਾਹੀਦੇ ਸਨ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਇਜਾਰੇਦਾਰ ਬਾਲਕੋ ਕੰਪਨੀ ਨੇ ਆਪਣੇ ਜ਼ਿਆਦਾ ਮੁਨਾਫਿਆਂ ਦੀ ਹਵਸ ਦੇ ਕਾਰਨ ਨਿਰਮਾਣ ਦੇ ਮੁੱਢਲੇ ਨਿਰਦੇਸ਼ਾਂ ਤੇ ਸੁਰੱਖਿਆ ਮਾਪਦੰਡਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ, ਜਿਸ ਦੀ ਵਜ੍ਹਾ ਨਾਲ ਇਹ ਹਾਦਸਾ ਹੋਇਆ।

ਇਸ ਦੁਰਘਟਨਾ ਦੇ ਬਾਅਦ, ਮਜ਼ਦੂਰਾਂ ਦੇ ਪਰਿਵਾਰਾਂ ਨੇ ਪਲਾਂਟ ਨੂੰ ਘੇਰ ਲਿਆ ਤੇ ਆਪਣੇ ਪਰਿਵਾਰ ਦੇ ਮੈਂਬਰਾਂ ਦੀਆਂ ਮੌਤਾਂ ਦੇ ਲਈ ਬਾਲਕੋ ਨੂੰ ਜ਼ਿੰਮੇਵਾਰ ਠਹਿਰਾਇਆ। ਇਹ ਰਿਪੋਰਟ ਕੀਤੀ ਗਈ ਹੈ ਕਿ ਬਾਲਕੋ ਨੇ 41 ਮ੍ਰਿਤਕਾਂ ਦੇ ਪਰਿਵਾਰਾਂ ਦੇ ਲਈ ਸਿਰਫ਼ ਪੰਜ ਲੱਖ ਰੁਪਏ ਦਾ ਮੁਆਵਜ਼ਾ ਘੋਸ਼ਿਤ ਕੀਤਾ ਹੈ ਤੇ ਰਾਜ ਸਰਕਾਰ ਨੇ ਵੀ ਮ੍ਰਿਤਕ ਮਜ਼ਦੂਰਾਂ ਦੇ ਲਈ ਮੁਆਵਜ਼ਾ ਘੋਸ਼ਿਤ ਕੀਤਾ ਹੈ, ਪਰ ਘਾਇਲ ਮਜ਼ਦੂਰਾਂ ਦੇ ਲਈ ਕੋਈ ਮੁਆਵਜ਼ਾ ਘੋਸ਼ਿਤ ਨਹੀਂ ਕੀਤਾ ਗਿਆ, ਨਾ ਹੀ ਕਿਸੇ ਨੂੰ ਇਸ ਦੁਰਘਟਨਾ ਦੇ ਲਈ ਦੋਸ਼ੀ ਠਹਿਰਾਇਆ ਗਿਆ ਹੈ।

ਬਾਲਕੋ ਪਹਿਲਾਂ ਇਕ ਸਰਬਜਨਕ ਖੇਤਰ ਕੰਪਨੀ ਹੋਇਆ ਕਰਦੀ ਸੀ, ਜਿਸ ਦਾ ਇਜ਼ਾਰੇਦਾਰ ਕੰਪਨੀ ਵੇਦਾਂਤ ਨੂੰ ਸ਼ੇਅਰ ਵੇਚ ਕੇ ਨਿੱਜੀਕਰਣ ਕੀਤਾ ਗਿਆ ਸੀ। ਵੇਦਾਂਤ ਕੰਪਨੀ ਕਈ ਦੇਸ਼ਾਂ 'ਚ ਆਪਣੇ ਕੰਮ-ਕਾਰ ਲਈ ਬਦਨਾਮ ਹੈ। ਮਜ਼ਦੂਰਾਂ ਨੇ ਇਸ ਨਿੱਜੀਕਰਣ ਦਾ ਬਹੁਤ ਵਿਰੋਧ ਕੀਤਾ। ਉਦਾਰੀਕਰਨ ਤੇ ਨਿੱਜੀਕਰਨ ਦੀ ਨੀਤੀ ਦੇ ਖਿਲਾਫ਼ ਲੜ ਰਹੇ ਕਈ ਲੋਕਾਂ ਤੇ ਦਲਾਂ ਨੇ ਇਸ ਨਿੱਜੀਕਰਣ ਦਾ ਵਿਰੋਧ ਕੀਤਾ ਸੀ। ਪਰ ਸਰਕਾਰ ਨੇ ਇਨ੍ਹਾਂ ਵਿਰੋਧਾਂ ਨੂੰ ਅਣਸੁਣਿਆ ਕਰਕੇ 2001 'ਚ ਬਾਲਕੋ ਦੇ 51 ਫ਼ੀਸਦੀ ਸ਼ੇਅਰ ਵੇਦਾਂਤ ਗਰੁੱਪ ਦੇ ਤਹਿਤ ਸਟਰਲਾਈਟ ਇੰਡਸਟਰੀਜ਼ (ਇੰਡੀਆ) ਲਿਮਟਿਡ ਨੂੰ ਵੇਚ ਦਿੱਤੇ ਤੇ ਬਾਕੀ 49 ਫ਼ੀਸਦੀ ਸ਼ੇਅਰ ਹਿੰਦੁਸਤਾਨ ਦੀ ਸਰਕਾਰ ਦੇ ਕੋਲ ਰਹੇ। ਹਿੰਦੁਸਤਾਨੀ ਤੇ ਵਿਦੇਸ਼ੀ ਵੱਡੇ ਪੂੰਜੀਪਤੀ ਇਹ ਦਾਅਵਾ ਕਰਦੇ ਆਏ ਹਨ ਕਿ ਨਿੱਜੀਕਰਨ ਤੇ ਉਦਾਰੀਕਰਣ ਹੀ ਹਿੰਦੁਸਤਾਨ ਦੀ ਖੁਸ਼ਹਾਲੀ ਦਾ ਰਸਤਾ ਹੈ ਤੇ ਕੇਂਦਰ 'ਚ ਜੋ ਵੀ ਸਰਕਾਰ ਆਈ ਹੈ, ਉਹ ਇਸ ਨੀਤੀ ਨੂੰ ਲਾਗੂ ਕਰਦੀ ਰਹੀ ਹੈ। ਬਾਲਕੋ 'ਚ ਹੋਈ ਤ੍ਰਾਸਦੀ ਫਿਰ ਤੋਂ ਇਹ ਦਿਖਾਉਂਦੀ ਹੈ ਕਿ ਪੂੰਜੀਪਤੀ ਆਪਣੇ ਮੁਨਾਫ਼ਿਆਂ ਦੇ ਲਈ ਉਦਯੋਗ ਚਲਾਉਂਦੇ ਹਨ, ਸਮਾਜ ਦੇ ਕਲਿਆਣ ਦੇ ਲਈ ਨਹੀਂ। ਦੇਸ਼ ਦੇ ਲੋਕਾਂ ਦੇ ਸਾਧਨਾਂ, ਜ਼ਮੀਨ ਤੇ ਮਜ਼ਦੂਰੀ ਨੂੰ ਨਿੱਜੀ ਪੂੰਜੀਪਤੀਆਂ ਦੇ ਹਵਾਲੇ ਕਰ ਦੇਣਾ—ਇਹ ਇਸ ਤਰ੍ਹਾਂ ਦੀ ਨੀਤੀ ਹੈ ਜੋ ਖੁਸ਼ਹਾਲੀ ਤਾਂ ਦੂਰ, ਲੋਕਾਂ ਦੇ ਲਈ ਤਬਾਹੀ ਤੇ ਮੌਤ ਹੀ ਲਿਆ ਸਕਦੀ ਹੈ।

ਬਾਲਕੋ ਦਾ ਹਾਦਸਾ ਇਹ ਵੀ ਵਿਖਾਉਂਦਾ ਹੈ ਕਿ ਛੱਤੀਸਗੜ੍ਹ, ਝਾਰਖੰਡ, ਉੜੀਸਾ ਤੇ ਪੱਛਮੀ ਬੰਗਾਲ ਦੇ ਧਾਤ ਨਾਲ ਭਰੇ ਇਲਾਕਿਆਂ ਦੇ ਲੋਕਾਂ ਦੇ ਲਈ ਆਉਣ ਵਾਲੇ ਦਿਨਾਂ 'ਚ ਕਿਸ ਤਰ੍ਹਾਂ ਦੇ ਖਤਰੇ ਸਾਹਮਣੇ ਆਉਣ ਵਾਲੇ ਹਨ। ਇਨ੍ਹਾਂ ਰਾਜਾਂ ਦੀਆਂ ਸਰਕਾਰਾਂ ਨੇ ਵੱਡੀਆਂ-ਵੱਡੀਆਂ ਇਜਾਰੇਦਾਰ ਕੰਪਨੀਆਂ ਦੇ ਨਾਲ ਕਈ ਤਰ੍ਹਾਂ ਦੇ ਸਮਝੌਤੇ ਕਰ ਰੱਖੇ ਹਨ ਤੇ ਕੇਂਦਰ ਤੇ ਰਾਜ ਸਰਕਾਰਾਂ ਇਨ੍ਹਾਂ ਇਜ਼ਾਰੇਦਾਰ ਕੰਪਨੀਆਂ ਨੂੰ ਪੂੰਜੀ ਨਿਵੇਸ਼ ਕਰਨ 'ਚ ਹਰ ਤਰ੍ਹਾਂ ਦੀ ਸਹੂਲਤ ਦੇ ਰਹੀਆਂ ਹਨ। ਵੇਦਾਂਤ ਗਰੁੱਪ ਤੇ ਦੂਸਰੀਆਂ ਵੱਡੀਆਂ ਇਜ਼ਾਰੇਦਾਰ ਕੰਪਨੀਆਂ ਨੂੰ ਸਹਾਇਕ ਬਿਜਲੀ ਪਲਾਂਟ ਤੇ ਹੋਰ ਉਦਯੋਗ ਖੜ੍ਹੇ ਕਰਨ ਦੇ ਲਈ ਬਹੁਤ ਸਾਰੀ ਜ਼ਮੀਨ ਕੌਡੀਆਂ ਦੇ ਭਾਅ 'ਤੇ ਦਿੱਤੀ ਗਈ ਹੈ। ਇਸ ਦੀ ਵਜ੍ਹਾ ਨਾਲ ਉਥੇ ਰਹਿਣ ਵਾਲੇ ਲੋਕਾਂ ਦੀ ਰੋਜ਼ੀ-ਰੋਟੀ ਤੇ ਵਾਤਾਵਰਨ ਨੂੰ ਬਹੁਤ ਖਤਰਾ ਹੈ। ਇਸ ਹਾਦਸੇ ਨਾਲ ਫਿਰ ਇਹ ਗੱਲ ਸਾਬਤ ਹੁੰਦੀ ਹੈ ਕਿ ਇਨ੍ਹਾਂ ਵਿਸ਼ਾਲ ਪਰਿਯੋਜਨਾਵਾਂ ਨੂੰ ਤੁਰੰਤ ਰੋਕ ਦੇਣਾ ਚਾਹੀਦਾ ਹੈ। ਇਨ੍ਹਾਂ ਦੀ ਵਜ੍ਹਾ ਨਾਲ ਹੋਣ ਵਾਲੇ ਵਿਸਥਾਪਨ, ਰੋਜ਼ੀ-ਰੋਟੀ ਦੇ ਨੁਕਸਾਨ ਤੇ ਵਾਤਾਵਰਨ ਦੇ ਵਿਨਾਸ਼ ਦਾ ਪੂਰਾ ਪੂਰਾ ਜਾਇਜ਼ਾ ਲਿਆ ਜਾਣਾ ਚਾਹੀਦਾ ਹੈ। ਉਥੇ ਕਿਸ ਤਰ੍ਹਾਂ ਦਾ ਵਿਕਾਸ ਹੋਵੇਗਾ, ਇਸ ਬਾਰੇ 'ਚ ਕੋਈ ਵੀ ਫ਼ੈਸਲਾ ਲੈਣ 'ਚ ਸਥਾਨਕ ਨਿਵਾਸੀਆਂ ਨੂੰ ਜ਼ਰੂਰ ਸ਼ਾਮਿਲ ਕਰਨਾ ਹੋਵੇਗਾ।

ਮਜ਼ਦੂਰ ਏਕਤਾ ਲਹਿਰ ਮ੍ਰਿਤਕਾਂ ਤੇ ਜ਼ਖਮੀਆਂ ਦੇ ਪਰਿਵਾਰਾਂ ਨਾਲ ਦਿਲੋਂ ਹਮਦਰਦੀ ਪ੍ਰਗਟ ਕਰਦੀ ਹੈ। ਮਜ਼ਦੂਰ ਏਕਤਾ ਲਹਿਰ ਵੇਦਾਂਤ, ਬਾਲਕੋ ਮੈਨੇਜਮੈਂਟ ਤੇ ਕੇਂਦਰ ਤੇ ਰਾਜ ਸਰਕਾਰਾਂ ਨੂੰ ਇਸ ਹਾਦਸੇ ਦੇ ਲਈ ਪੂਰੀ ਤਰ੍ਹਾਂ ਦੋਸ਼ੀ ਠਹਿਰਾਉਂਦੀ ਹੈ। ਅਸੀਂ ਇਹ ਮੰਗ ਕਰਦੇ ਹਾਂ ਕਿ ਅਪਰਾਧੀਆਂ ਨੂੰ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ। ■

## ਬਾਲਗੋਪਾਲ ਨਹੀਂ ਰਹੇ

ਡਾ. ਕੇ. ਬਾਲਗੋਪਾਲ, ਹਿਊਮਨ ਰਾਈਟਸ ਫੋਰਮ ਦੇ ਸੰਸਥਾਪਕ ਤੇ ਰਾਜਕੀ ਅੱਤਵਾਦ ਅਤੇ ਹੱਕਾਂ ਦੇ ਘਾਣ ਦਾ ਪਰਦਾਫਾਸ਼ ਕਰਨ 'ਚ ਲੰਮੇ ਸਮੇਂ ਤੋਂ ਸੰਘਰਸ਼ ਕਰਦੇ ਰਹੇ ਕਾਰਜਕਰਤਾ, ਦਿਲ ਦੇ ਦੌਰੇ ਦੇ ਕਾਰਣ ਹੈਦਰਾਬਾਦ 'ਚ 52 ਵਰ੍ਹੇ ਦੀ ਉਮਰ 'ਚ ਚਲ ਵਸੇ। ਪਿਛਲੇ ਤਿੰਨ ਦਹਾਕਿਆਂ 'ਚ ਸ੍ਰੀ ਬਾਲਗੋਪਾਲ ਨੇ ਬਹਾਦਰੀ ਨਾਲ ਆਂਧਰਾਪ੍ਰਦੇਸ਼ ਤੇ ਦੇਸ਼ ਦੇ ਦੂਸਰੇ ਇਲਾਕਿਆਂ 'ਚ ਸਰਕਾਰ ਵੱਲੋਂ ਕਰਵਾਏ ਫਰਜ਼ੀ ਮੁਕਾਬਲਿਆਂ ਦਾ ਪਰਦਾਫਾਸ਼ ਕੀਤਾ। ਮਜ਼ਦੂਰ ਏਕਤਾ ਲਹਿਰ ਉਨ੍ਹਾਂ ਦੇ ਦਿਹਾਂਤ 'ਤੇ, ਉਨ੍ਹਾਂ ਦੇ ਪਰਿਵਾਰ ਵਾਲਿਆਂ ਤੇ ਨਾਲ ਕੰਮ ਕਰਨ ਵਾਲੇ ਕਾਮਿਆਂ ਦੇ ਦੁੱਖ 'ਚ ਸ਼ਾਮਿਲ ਹੈ। ■

## ਨਿਯਾਮਗਿਰੀ ਪਰਬਤਾਂ ’ਚ ਧਾਤਾਂ ਦੀ ਖੋਦਾਈ ਦੇ ਖਿਲਾਫ਼ ਸੰਘਰਸ਼:

# ਜ਼ਮੀਨ, ਰੋਜ਼ੀ-ਰੋਟੀ ਤੇ ਕੁਦਰਤੀ ਸਾਧਨਾਂ ਉੱਤੇ ਲੋਕਾਂ ਦੇ ਅਧਿਕਾਰ ਦੀ ਰਖਵਾਲੀ ਦੇ ਹੱਕ 'ਚ ਸੰਘਰਸ਼




ਤਿੰਨ ਹਜ਼ਾਰ ਤੋਂ ਜ਼ਿਆਦਾ ਆਦਿਵਾਸੀ, ਦਲਿਤ ਤੇ ਹੋਰ ਸਮੂਹਾਂ ਦੇ ਲੋਕਾਂ ਨੇ 5 ਅਕਤੂਬਰ, 2009 ਨੂੰ ਉੜੀਸਾ ’ਚ ਸਥਿਤ ਨਿਯਾਮਗਿਰੀ ਪਰਬਤਮਾਲਾ ਦੇ ਹੇਠਾਂ, ਮੁਨੀਗੁਡ ਸ਼ਹਿਰ ’ਚ ਇਕੱਠੇ ਹੋ ਕੇ, ਮਹਾਂਮਾਰਗ ਨੂੰ ਕਈ ਘੰਟਿਆਂ ਤੱਕ ਜਾਮ ਕੀਤਾ। ਪੁਲਿਸ ਦੀ ਭਾਰੀ ਮਾਤਰਾ ’ਚ ਮੌਜੂਦਗੀ ਦੇ ਬਾਵਜੂਦ ਤੇ ਵੇਦਾਂਤ ਖਨਨ ਕੰਪਨੀ ਦੇ ਗੁੰਡਿਆਂ ਦੀਆਂ ਧਮਕੀਆਂ ਦੇ ਬਾਵਜੂਦ ਉਨ੍ਹਾਂ ਨੇ ਜੋਸ਼ ਭਰੇ ਨਾਅਰੇ ਬੁਲੰਦ ਕਰਕੇ ਆਪਣਾ ਉਹੀ ਹੱਕ ਜਤਾਇਆ ਜੋ ਪਿਛਲੇ 5 ਵਰ੍ਹਿਆਂ ਤੋਂ ਜਤਾਉਂਦੇ ਆ ਰਹੇ ਹਨ—‘‘ਨਿਯਾਮਗਿਰੀ, ਸਾਡੀ ਜੀਵਨ-ਰੇਖਾ ਤੇ ਪਵਿੱਤਰ ਪਰਬਤਮਾਲਾ, ’ਚ ਖਨਨ ਕਦੀ ਨਹੀਂ ਹੋਣ ਦੇਵਾਂਗੇ, ਚਾਹੇ ਕੁਝ ਵੀ ਹੋਵੇ!’’

ਲਾਂਜੀਗੜ੍ਹ ’ਚ ਵੇਦਾਂਤ ਕੰਪਨੀ ਦੀ ਰਿਫਾਇਨਰੀ ਤੇ ਨਿਯਾਮਗਿਰੀ ’ਚ ਉਸਦੀ ਬਾਕਸਾਈਟ ਖਨਨ ਪਲਾਂਟ ਦੇ ਨਿਰਮਾਣ ਖਿਲਾਫ਼ ਲੋਕਾਂ ਦੇ ਸੰਘਰਸ਼ ਦਾ ਇਹ ਇਕ ਪ੍ਰਦਰਸ਼ਨ ਸੀ। ਨਿਯਾਮਗਿਰੀ ਖੇਤਰ ਦੇ ਨਿਵਾਸੀ ਵੇਦਾਂਤ ਏਲਯੂਮਿਨਾ ਲਿਮਟਿਡ ਕੰਪਨੀ ਵੱਲੋਂ, ਰਾਜ ਸਰਕਾਰ ਦੀ ਪੂਰੀ ਮਦਦ ਦੇ ਨਾਲ ਕੀਤੇ ਗਏ ਆਪਣੀ ਜ਼ਮੀਨ ਤੇ ਸਾਧਨਾਂ ਦੇ ਬਲਪੂਰਵਕ ਅਕਵਾਇਰੀਕਰਨ ਦਾ ਵਿਰੋਧ ਕਰ ਰਹੇ ਹਨ। 27 ਜਨਵਰੀ, 2009 ਨੂੰ 10,000 ਤੋਂ ਜ਼ਿਆਦਾ ਲੋਕਾਂ ਨੇ ਨਿਯਮਗਿਰੀ ਪਰਬਤਾਂ ਨੂੰ ਘੇਰ ਕੇ 17 ਕਿਲੋਮੀਟਰ ਮਨੁੱਖੀ ਕੜੀ ਬਣਾਈ ਤੇ ਪਲੈਕਾਰਡਾਂ ਦੁਆਰਾ ਇਹ ਐਲਾਨ ਕੀਤਾ ਕਿ ‘‘ਨਿਯਾਮਗਿਰੀ ਡੋਂਗਰੀਆ ਆਦਿਵਾਸੀ ਸਮੂਹ ਦੀ ਜ਼ਮੀਨ ਹੈ! ਸਾਡੀ ਇਜਾਜ਼ਤ ਦੇ ਬਿਨਾ ਵੇਦਾਂਤ ਇਥੇ ਨਹੀਂ ਆ ਸਕਦਾ! ਅਸੀਂ ਕਹਿੰਦੇ ਹਾਂ—ਨਹੀਂ!’’

ਨਿਯਾਮਗਿਰੀ ਪਰਵਤਮਾਲਾ ਤੇ ਉਸਦੀਆਂ ਹੇਠਲੀਆਂ ਪਰਤਾਂ ਦੀਆਂ ਪਰਵਤਾਂ ਡੋਂਗਰੀਆ ਕੰਧ, ਦੂਸਰੇ ਕੰਧ ਆਦਿਵਾਸੀ ਤੇ ਦਲਿਤ ਸਮੂਹ ਦੇ ਪਰੰਪਰਾਗਤ ਨਿਵਾਸ ਸਥਾਨ ਹਨ। ਇਥੇ ਦੀ ਜ਼ਮੀਨ, ਜੰਗਲ ਤੇ ਪਾਣੀ ਦੇ ਸ੍ਰੋਤ ਇਨ੍ਹਾਂ ਸਮੂਹਾਂ ਦਾ ਸਰਮਾਇਆ ਹਨ, ਜਿਸ ਨਾਲ ਉਹ ਆਪਣੀ ਰੋਜ਼ੀ-ਰੋਟੀ ਕਮਾਉਂਦੇ ਹਨ। ਅੱਜ ਵੇਦਾਂਤ ਖਨਨ ਕੰਪਨੀ ਉਸ ਇਲਾਕੇ ’ਚ ਅਲਮੀਨੀਅਮ ਖਨਨ ਪਲਾਂਟ ਸਥਾਪਤ ਕਰਕੇ ਮੋਟੇ ਮੁਨਾਫ਼ੇ ਲੈਣਾ ਚਾਹੁੰਦੀ ਹੈ, ਜਿਸ ਦੀ ਵਜ੍ਹਾ ਨਾਲ ਉਥੇ ਦੇ ਨਿਵਾਸੀਆਂ ਦੀ ਰੋਜ਼ੀ-ਰੋਟੀ ਤੇ ਪਰੰਪਰਾਗਤ ਜੀਵਨ ਸ਼ੈਲੀ ਬਹੁਤ ਜ਼ਿਆਦਾ ਖਤਰੇ ’ਚ ਹੈ। ਵਰਨਣਯੋਗ ਹੈ ਕਿ ਵੇਦਾਂਤ ਅਲਯੂਮੀਨਾ ਲਿਮਟਿਡ ਕੰਪਨੀ ਨੇ ਇਸ ਤੋਂ ਪਹਿਲਾਂ ਜਿਥੇ ਜਿਥੇ ਆਪਣਾ ਪਲਾਂਟ ਲਗਾਇਆ ਹੈ, ਉਥੇ ਉਥੇ ਬਹੁਤ ਜ਼ਿਦਾ ਸ਼ੋਸ਼ਣ, ਮਾਨਵ ਅਧਿਕਾਰ ਉਲੰਘਣ ਤੇ ਵਾਤਾਵਰਨ ਦੇ ਵਿਨਾਸ਼ ਦੇ ਲਈ ਬਦਨਾਮ ਹੋਇਆ ਹੈ।

ਨਿਯਾਮਗਿਰੀ ਪਰਬਤਮਾਲਾ, ਉਸਦੇ ਸੰਘਣੇ ਜੰਗਲ ਤੇ ਸੈਂਕੜੇ ਜਲ ਸ੍ਰੋਤ ਅਨਮੋਲ ਸ੍ਰੋਤ ਮੰਨੇ ਜਾਂਦੇ ਹਨ। ਸਰਕਾਰ ਵੱਲੋਂ ਇਸ ਇਲਾਕੇ ਨੂੰ ਪੰਜਵੇ ਸ਼ਡਿਊਲ ਦੇ ਤਹਿਤ ਸੁਰੱਖਿਅਤ ਇਲਾਕਾ ਘੋਸ਼ਿਤ ਕੀਤਾ ਗਿਆ ਹੈ, ਇਸ ਦਾ ਇਹ ਮਤਲਬ ਹੈ ਕਿ ਇਸ ਦੇ ਵਾਤਾਵਰਨ ਨੂੰ ਕਿਸੇ ਤਰ੍ਹਾਂ ਨਾਲ ਛੇੜਿਆ ਨਹੀਂ ਜਾ ਸਕਦਾ। ਪਰ ਇਸ ਦੇ ਬਾਵਜੂਦ ਵੇਦਾਂਤ ਕੰਪਨੀ ਨੂੰ ਇਥੇ ਅਲਮੀਨੀਅਮ ਦਾ ਖਨਨ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ, ਜਦਕਿ ਇਹ ਖਨਨ ਵਾਤਾਵਰਨ ਦੇ ਲਈ ਬਹੁਤ ਹੀ ਮਾਰੂ ਕੰਮ ਹੈ।

ਨਵੀਨ ਪਟਨਾਇਕ ਦੀ ਅਗਵਾਈ ’ਚ ਉੜੀਸਾ ਰਾਜ ਸਰਕਾਰ ਨੇ ਬੀਤੇ ਕਈ ਵਰ੍ਹਿਆਂ ’ਚ ਅਲਗ ਅਲਗ ਖਨਨ ਤੇ ਧਾਤ ਕੰਪਨੀਆਂ ਦੇ ਨਾਲ ਕਈ ਸਮਝੌਤੇ ਕੀਤੇ ਹਨ। ਇਨ੍ਹਾਂ ਵੱਡੀਆਂ ਇਜ਼ਾਰੇਦਾਰ ਕੰਪਨੀਆਂ ਨੂੰ ਇਸ ਇਲਾਕੇ ਦੀ ਜ਼ਮੀਨ, ਜੰਗਲ ਤੇ ਅਨਮੋਲ ਕੁਦਰਤੀ ਸਾਧਨਾਂ ਨੂੰ ਕੌਢੀਆਂ ਦੇ ਭਾਅ ’ਤੇ ਵੇਚਿਆ ਜਾ ਰਿਹਾ ਹੈ। ਨਿਯਾਮਗਿਰੀ ’ਚ ਵੇਦਾਂਤ ਪਰਿਯੋਜਨਾ ਦੇ ਬਾਰੇ ’ਚ ਮੰਨਿਆ ਜਾਂਦਾ ਹੈ ਕਿ ਰਾਜ ਸਰਕਾਰ ਤੇ ਵਾਤਾਵਰਨ ਮੰਤਰਾਲੇ ਵੱਲੋਂ ਨਿਰਧਾਰਤ ਨਿਯਮਾਂ ਦਾ ਖੁੱਲ੍ਹੇਆਮ ਉਲੰਘਣ ਕਰਕੇ ਕੰਪਨੀ ਨੂੰ ਜ਼ਰੂਰੀ ਇਜਾਜ਼ਤਾਂ ਦਿੱਤੀਆਂ ਗਈਆਂ ਹਨ। ਰਿਫਾਇਨਰੀ ਦੇ ਚੱਲਣ ਨਾਲ ਵਾਤਾਵਰਨ ਦਾ ਹੁਣ ਤੱਕ ਜੋ ਵਿਨਾਸ਼ ਹੋਇਆ ਹੈ ਤੇ ਉਥੇ ਦੇ ਨਿਵਾਸੀਆਂ ਦੀ ਸਿਹਤ ’ਤੇ ਜੋ ਮਾਰੂ ਪ੍ਰਭਾਵ ਪਿਆ ਹੈ, ਉਸ ਨੂੰ ਪ੍ਰਦੂਸ਼ਣ ਨਿਯੰਤਰਣ ਬੋਰਡ ਨੇ ਅਣਦੇਖਿਆ ਕਰ ਦਿੱਤਾ ਹੈ। ਸੜਕ ਬਨਾਉਣ ਦੇ ਲਈ ਹਜ਼ਾਰਾਂ ਦਰੱਖਤ ਕੱਟ ਦਿੱਤੇ ਗਏ ਹਨ ਤੇ ਰਿਫਾਇਨਰੀ ਦੇ ਜ਼ਹਿਰੀਲੇ ਕੂੜੇ ਨੂੰ ਵੰਸ਼ਧਰ ਨਦੀ ’ਚ ਪਾ ਦਿੱਤਾ ਗਿਆ ਹੈ। ਵੇਦਾਂਤ ਕੰਪਨੀ ਦੀਆਂ ਗੱਡੀਆਂ ਦੇ ਹੇਠਾਂ ਆ ਕੇ ਕਈ ਨਿਵਾਸੀ ਮਾਰੇ ਜਾ ਚੁੱਕੇ ਹਨ। ਕੰਪਨੀ ਦੇ ਸੈਂਕੜੇ ਗੁੰਡੇ ਲਾਂਜੀਗੜ੍ਹ ਦੇ ਆਸਪਾਸ ਦੇ ਨਿਵਾਸੀਆਂ ਨੂੰ ਡਰਾਉਂਦੇ ਧਮਕਾਉਂਦੇ ਰਹਿੰਦੇ ਹਨ ਤੇ ਕਿਸੇ ਤਰ੍ਹਾਂ ਦੇ ਜਨ ਵਿਰੋਧ ਨੂੰ ਕੁਚਲਨ ਦੇ ਲਈ ਭਾਰੀ ਪੁਲਿਸ ਫੋਰਸ ਉਥੇ ਤਾਇਨਾਤ ਕੀਤੀ ਗਈ ਹੈ।

ਰਾਜ ਕਰਕਾਰ ਜਨ ਵਿਰੋਧ ਨੂੰ ਬੇਰਹਿਮੀ ਨਾਲ ਕੁਚਲਣ ਲਈ ਉਥੇ ਬਹੁਤ ਆਤੰਕ ਫੈਲਾਅ ਰਹੀ ਹੈ ਤੇ ਉਸ ਨੂੰ ਜਾਇਜ਼ ਠਹਿਰਾਉਣ ਲਈ ਵਰੋਧ ਦੀ ਆਵਾਜ਼ ਬੁਲੰਦ ਕਰਨ ਵਾਲਿਆਂ ਨੂੰ ‘ਮਾਓਵਾਦੀ’ ਦੱਸ ਰਹੀ ਹੈ।

**ਬਾਕੀ ਸਫਾ 17 'ਤੇ**

# ਉੱਤਰ ਪ੍ਰਦੇਸ਼ ਰਾਜ ਆਵਾਜਾਈ ਕਰਮਚਾਰੀਆਂ ਦਾ ਸੰਘਰਸ਼

ਉੱਤਰ ਪ੍ਰਦੇਸ਼ ਰਾਜ ਆਵਾਜਾਈ ਚਾਲਕ ਸੰਗਠਨ, ਉੱਤਰ ਪ੍ਰਦੇਸ਼ ਆਵਾਜਾਈ ਮਜ਼ਦੂਰ ਸੰਗਠਨ ਤੇ ਉੱਤਰ ਪ੍ਰਦੇਸ਼ ਰੋਡਵੇਜ਼ ਸੰਵਿਦਾ ਕਰਮਚਾਰੀ ਯੂਨੀਅਨ ਦੀ ਅਗਵਾਈ 'ਚ, ਆਵਾਜਾਈ ਮਜ਼ਦੂਰਾਂ ਦੀ ਲੁੱਟ ਦੇ ਖਿਲਾਫ਼, ਸੰਘਰਸ਼ ਦਾ ਬਿਗਲ ਵਜ ਚੁੱਕਿਆ ਹੈ।

ਉਪਰੋਕਤ ਸੰਗਠਨਾਂ ਵੱਲੋਂ ਜਾਰੀ ਕੀਤੀ ਗਈ ਇਕ ਅਪੀਲ 'ਚ ਉੱਤਰ ਪ੍ਰਦੇਸ਼ ਰਾਜ ਆਵਾਜਾਈ ਦੇ ਕਈ ਤਰ੍ਹਾਂ ਦੇ ਕਰਮਚਾਰੀਆਂ ਦੀ ਦੁਰਦਸ਼ਾ ਦਾ ਬਿਓਰਾ ਦਿੱਤਾ ਗਿਆ ਹੈ।

ਮਿਸਾਲ ਦੇ ਤੌਰ 'ਤੇ, ਬੱਸ 'ਤੇ ਚੱਲਣ ਦੇ ਲਈ ਤੇ ਬੱਸ ਖਰਾਬ ਹੋ ਜਾਣ 'ਤੇ ਉਸ ਨੂੰ ਠੀਕ ਕਰਾਉਣ ਦੇ ਲਈ ਚਾਲਕ ਕੋਲੋਂ ਪੈਸਾ ਵਸੂਲਿਆ ਜਾਂਦਾ ਹੈ। ਜ਼ਿਆਦਾ ਡੀਜ਼ਲ ਖਰਚ ਹੋਣ 'ਤੇ (ਚਾਹੇ ਰੂਟ ਦੀ ਸਥਿਤੀ ਕਿਸੇ ਵੀ ਤਰ੍ਹਾਂ ਦੀ ਹੋਵੇ) ਟਾਇਰ ਪੰਚਰ ਜਾਂ ਹੋਰ ਤਕਨੀਕੀ ਖਰਾਬੀ ਹੋਣ 'ਤੇ, ਚਾਲਕ ਦੇ ਖਿਲਾਫ਼ ਰਿਪੋਰਟ ਦਰਜ ਕਰਕੇ ਉਸ ਕੋਲੋਂ ਹਜ਼ਾਰਾਂ-ਹਜ਼ਾਰਾਂ ਰੁਪਏ ਵਸੂਲੇ ਜਾਂਦੇ ਹਨ, ਚਾਲਕ ਨੂੰ ਬਰਖਾਸਤ ਕੀਤਾ ਜਾਂਦਾ ਹੈ, ਆਦਿ। ਚਾਲਕਾਂ ਨੂੰ ਕਈ ਦਿਨਾਂ ਤੱਕ ਲਗਾਤਾਰ ਬਿਨਾ ਛੁੱਟੀ ਦੇ, ਤੇ ਕਈ ਘੰਟਿਆਂ ਤੱਕ ਲਗਾਤਾਰ ਬਿਨਾ ਆਰਾਮ, ਗੱਡੀ ਚਲਾਉਣ ਨੂੰ ਮਜਬੂਰ ਕੀਤਾ ਜਾਂਦਾ ਹੈ ਤੇ ਫਿਰ ਕੋਈ ਨੁਕਸਾਨ ਹੋਣ 'ਤੇ ਚਾਲਕ ਨੂੰ ਹੀ ਦੋਸ਼ੀ ਠਹਿਰਾ ਕੇ ਉਸ 'ਤੇ ਕਾਰਵਾਈ ਕੀਤੀ ਜਾਂਦੀ ਹੈ।

ਬੱਸ 'ਚ ਘੱਟ ਯਾਤਰੀ ਆਉਣ 'ਤੇ, 'ਲੋਡ ਫੈਕਟਰ' ਦੇ ਡਿੱਗਣ ਦੇ ਨਾਂ 'ਤੇ, ਕੰਡਕਟਰ ਨੂੰ ਬਰਖਾਸਤ ਕਰ ਦਿੱਤਾ ਜਾਂਦਾ ਹੈ। ਛੋਟੇ ਤੋਂ ਛੋਟੇ ਦੋਸ਼ਾਂ, ਅਕਸਰ ਝੂਠੇ ਦੋਸ਼ਾਂ 'ਤੇ ਨੌਕਰੀ ਖਤਮ ਕਰ ਦਿੱਤੀ ਜਾਂਦੀ ਹੈ।

ਡਰਾਈਵਰ-ਕੰਡਕਟਰ ਦੀ ਡਿਊਟੀ ਦੀ ਕੋਈ ਸਮਾਂ ਸੀਮਾ ਨਹੀਂ ਹੁੰਦੀ; ਉਨ੍ਹਾਂ ਨੂੰ 24 ਘੰਟੇ, 36 ਘੰਟੇ ਜਾਂ ਉਸ ਤੋਂ ਵੀ ਜ਼ਿਆਦਾ ਲਗਾਤਾਰ ਡਿਊਟੀ ਕਰਨੀ ਪੈਂਦੀ ਹੈ। ਚਾਲਕ ਦੀ ਉਮਰ ਜਾਂ ਸਰੀਰਕ ਸਥਿਤੀ ਦੀ ਪਰਵਾਹ ਕੀਤੇ ਬਿਨਾ, ਹਰ ਮਹੀਨੇ 4 ਹਜ਼ਾਰ ਕਿਲੋਮੀਟਰ ਨਾ ਪੂਰਾ ਹੋਣ 'ਤੇ, ਉਸ ਦੀ ਤਨਖਾਹ ਰੋਕ ਦੇਣ ਦੀ ਇਕ ਨਵੀਂ ਰੋਕ ਲਾਗੂ ਕੀਤੀ ਗਈ ਹੈ।

ਇਸ ਦੇ ਇਲਾਵਾ, ਉੱਤਰ ਪ੍ਰਦੇਸ਼ ਰਾਜ ਆਵਾਜਾਈ 'ਚ ਅਨੁਸ਼ਾਸਨਕ ਕਾਰਵਾਈ ਦੇ ਨਾਂਅ 'ਤੇ, ਵਿਭਾਗੀ ਜਾਂਚ 'ਚ ਡਰਾਈਵਰ, ਕੰਡਕਟਰ ਨੂੰ ਨਿਰਦੋਸ਼ ਹੁੰਦੇ ਹੋਏ ਵੀ, ਪੂਰਨ ਦੋਸ਼ੀ ਜਾਂ ਅੰਸ਼ਕ ਦੋਸ਼ੀ ਦੱਸ ਕੇ, ਉਸ ਕੋਲੋਂ ਮੋਟੀ ਰਕਮ ਦੀ ਉਗਰਾਹੀ ਕਰਨਾ, ਇਹ ਇਕ ਧੰਦਾ ਬਣ ਚੁੱਕਿਆ ਹੈ।

ਨਿੱਜੀਕਰਨ ਦੇ ਉਦੇਸ਼ ਨਾਲ, ਵੱਡੇ ਪੱਧਰ 'ਤੇ ਡਰਾਈਵਰ, ਕੰਡਕਟਰ ਤੇ ਤਕਨੀਕੀ ਕਰਮਚਾਰੀਆਂ ਦੀਆਂ ਪੱਕੀਆਂ ਅਸਾਮੀਆਂ ਖਾਲ੍ਹੀ ਰਹਿੰਦੇ ਹੋਏ ਵੀ, ਦਿਹਾੜੀ ਜਾਂ ਠੇਕੇਦਾਰੀ 'ਤੇ ਹੀ ਭਰਤੀ ਕੀਤੀ ਜਾ ਰਹੀ ਹੈ। ਨਿੱਜੀ ਕੰਪਨੀਆਂ ਤੋਂ ਆਊਟਸੋਰਸਿੰਗ ਨਾਲ ਮਹਿੰਗੀਆਂ ਦਰਾਂ 'ਤੇ ਬੱਸਾਂ ਦੀ ਮੁਰੰਮਤ ਆਦਿ ਦਾ ਕੰਮ ਕਰਵਾਇਆ ਜਾ ਰਿਹਾ ਹੈ। ਬੱਸ ਅੱਡਿਆਂ ਦੀਆਂ ਜ਼ਮੀਨਾਂ 'ਤੇ ਆਵਾਜਾਈ ਵਿਭਾਗ ਵੱਲੋਂ ਕੰਟੀਨ ਜਾਂ ਦੁਕਾਨ ਨਾ ਚਲਾ ਕੇ, ਉਸ ਨੂੰ ਨਿਜੀ ਸੇਠਾਂ ਨੂੰ ਵੰਡਿਆ ਜਾ ਰਿਹਾ ਹੈ। ਪਬਲਿਕ-ਪ੍ਰਾਈਵੇਟ ਪਾਰਟਰਨਸ਼ਿਪ (ਪੀ.ਪੀ.ਪੀ.) ਦੇ ਅੰਤਰਗਤ, 'ਬਿਹਤਰ ਸਹੂਲਤ' ਦੇ ਨਾਂਅ 'ਤੇ, ਅਲਗ-ਅਲਗ ਤਰੀਕਿਆਂ ਨਾਲ ਬੱਸਾਂ ਸਹਿਤ ਨਿੱਜੀ ਪੂੰਜੀ ਨੂੰ ਆਵਾਜਾਈ ਵਿਭਾਗ 'ਚ ਪ੍ਰਵੇਸ਼ ਦਿੱਤਾ ਜਾ ਰਿਹਾ ਹੈ। ਰਾਜ ਸਰਕਾਰ ਨੇ ਬੱਸ ਅੱਡਿਆਂ ਨੂੰ ਲੀਜ਼ 'ਤੇ ਦੇਣ ਤੇ ਰਸਤਿਆਂ ਨੂੰ ਨਿੱਜੀ ਬੱਸ ਮਾਲਕਾਂ ਦੇ ਲਈ ਖੋਲ੍ਹ ਦੇਣ ਦੀ ਘੋਸ਼ਣਾ ਕੀਤੀ ਹੈ।

ਹਾਲ ਹੀ 'ਚ, 5 ਅਕਤੂਬਰ 2009 ਨੂੰ ਕੇਂਦਰ ਸਰਕਾਰ ਦੇ ਆਵਾਜਾਈ ਮੰਤਰਾਲੇ ਨੇ ਘੋਸ਼ਣਾ ਕੀਤੀ ਕਿ ਉੱਤਰ ਪ੍ਰਦੇਸ਼ ਆਵਾਜਾਈ ਨਿਗਮ ਨੂੰ ਦੇਸ਼ਦੇ ਚੰਗੇ ਆਵਾਜਾਈ ਨਿਗਮ ਦੇ ਤੌਰ 'ਤੇ ਪੁਰਸਕਾਰ ਦਿੱਤਾ ਜਾਵੇਗਾ। ਉੱਤਰ ਪ੍ਰਦੇਸ਼ ਆਵਾਜਾਈ ਨਿਗਮ ਨੂੰ ਇਹ ਪੁਰਸਕਾਰ, ਡਰਾਈਵਰਾਂ, ਕੰਡਕਟਰਾਂ, ਤਕਨੀਕੀ ਮਜ਼ਦੂਰਾਂ ਆਦਿ ਦੇ ਅਧਿਕਾਰਾਂ ਨੂੰ ਕੁਚਲਣ, ਉਨ੍ਹਾਂ ਦਾ ਸ਼ੋਸ਼ਣ ਕਰਨ ਤੇ ਬਹੁਤ ਜ਼ਿਆਦਾ ਮੁਨਾਫ਼ਾ ਕਮਾਉਣ ਦੇ ਲਈ ਦਿੱਤਾ ਜਾ ਰਿਹਾ ਹੈ।

ਇਨ੍ਹਾਂ ਸਭ ਦਾ ਵਿਰੋਧ ਕਰਨ ਦੇ ਲਈ ਉੱਤਰ ਪ੍ਰਦੇਸ਼ ਆਵਾਜਾਈ ਨਿਗਮ ਕਰਮਚਾਰੀ ਸੰਯੁਕਤ ਸੰਘਰਸ਼ ਮੋਰਚੇ ਨੇ ਵਿਆਪਕ ਤੇ ਲੰਮੇ ਸਮੇਂ ਲਈ ਸਥਾਈ ਸੰਯੁਕਤ ਮੋਰਚਾ ਬਣਾਉਣ ਦੀ ਮੰਗ ਚੁੱਕੀ ਹੈ। ਪਰ ਪ੍ਰਬੰਧਕ ਕਰਮਚਾਰੀਆਂ ਦੀ ਏਕਤਾ ਤੋੜਨ ਦੀ ਪੂਰੀ ਕੋਸ਼ਿਸ਼ ਕਰ ਰਹੇ ਹਨ। ਕੁਝ 'ਮਾਨਤਾ ਪ੍ਰਾਪਤ' ਸੰਗਠਨਾਂ ਦਾ ਮੋਰਚਾ ਖੜ੍ਹਾ ਕਰਕੇ, ਲੜਾਕੂ ਕਰਮਚਾਰੀ ਸੰਗਠਨਾਂ ਨੂੰ ਪਾਸੇ ਕਰਕੇ ਤੇ ਇਸ ਤਰ੍ਹਾਂ, ਕਰਮਚਾਰੀਆਂ ਨੂੰ ਵੰਡਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

ਇਨ੍ਹਾਂ ਸਾਰੀਆਂ ਕੋਸ਼ਿਸ਼ਾਂ ਦਾ ਮੂੰਹ ਤੋੜ ਜਵਾਬ ਦਿੰਦੇ ਹੋਏ, ਆਪਣੇ ਸ਼ੋਸ਼ਣ ਤੇ ਨਿਗਮ ਦੇ ਨਿੱਜੀਕਰਨ ਦੇ ਖਿਲਾਫ਼ ਤੇ ਛੇਵਾਂ ਵੇਤਨ ਆਯੋਗ ਲਾਗੂ ਕਰਨ ਦੀ ਮੰਗ ਨੂੰ ਲੈ ਕੇ, ਉੱਤਰ ਪ੍ਰਦੇਸ਼ ਰਾਜ ਆਵਾਜਾਈ ਚਾਲਕ ਸੰਗਠਨ, ਉੱਤਰ ਪ੍ਰਦੇਸ਼ ਆਵਾਜਾਈ ਮਜ਼ਦੂਰ ਸੰਗਠਨ ਤੇ ਉੱਤਰ ਪ੍ਰਦੇਸ਼ ਰੋਡਵੇਜ਼ ਸੰਵਿਦਾ ਕਰਮਚਾਰੀ ਯੂਨੀਅਨ ਦੀ ਅਗਵਾਈ 'ਚ, 14, 15 ਤੇ 16 ਜੁਲਾਈ ਨੂੰ ਤਿੰਨ ਦਿਨਾ ਸੰਕੇਤਕ ਹੜਤਾਲ ਕੀਤੀ ਗਈ ਸੀ। ਮੰਗਾਂ ਨਾ ਮੰਨੇ ਜਾਣ ਦੀ ਸੂਰਤ 'ਚ ਅਣਮਿੱਥੇ ਸਮੇਂ ਦੀ ਹੜਤਾਲ ਦਾ ਸੱਦਾ ਦਿੱਤਾ ਗਿਆ ਹੈ। ਕਿਉਂਕਿ ਤਿੰਨ ਦਿਨਾਂ ਹੜਤਾਲ ਦੇ ਬਾਅਦ ਵੀ ਸਰਕਾਰ ਨੇ ਆਵਾਜਾਈ ਕਰਮਚਾਰੀਆਂ ਦੀਆਂ ਮੰਗਾਂ 'ਤੇ ਕੋਈ ਕਦਮ ਨਹੀਂ ਚੁੱਕਿਆ, ਇਸ ਲਈ ਅਣਮਿੱਥੇ ਸਮੇਂ ਲਈ ਹੜਤਾਲ ਦੀ ਅਪੀਲ ਕੀਤੀ ਗਈ ਹੈ। ਕਰਮਚਾਰੀਆਂ ਦੀ ਏਕਤਾ ਤੋੜਨ ਦੀ ਨੀਤੀ ਨੂੰ ਠੁਕਰਾ ਕੇ, ਆਵਾਜਾਈ ਵਿਭਾਗ ਦੇ ਨਾਲ ਨਾਲ ਸਾਰੇ ਵਿਭਾਗਾਂ ਦੀ ਛੋਟੀ-ਵੱਡੀ, ਮਾਨਤਾ ਪ੍ਰਾਪਤ ਜਾਂ ਗੈਰ ਮਾਨਤਾ ਪ੍ਰਾਪਤ ਸੰਗਠਨਾਂ ਦਾ ਭੇਦ ਖਤਮ ਕਰਕੇ, ਸਮਾਨਤਾ ਦੇ ਆਧਾਰ 'ਤੇ, ਸੰਮੇਲਨ ਦੇ ਮਾਧਿਅਮ ਨਾਲ, ਕਰਮਚਾਰੀਆਂ ਦੇ ਹਿਤਾਂ ਦੀ ਰੱਖਿਆ ਲਈ ਵਿਸ਼ਾਲ ਤੇ ਲੰਮਾ ਮੋਰਚਾ ਕਾਇਮ ਕਰਨ ਦਾ ਨਾਅਰਾ ਬੁਲੰਦ ਕੀਤਾ ਗਿਆ ਹੈ।

ਮਜ਼ਦੂਰ ਏਕਤਾ ਲਹਿਰ ਉੱਤਰ ਪ੍ਰਦੇਸ਼ ਰਾਜ ਆਵਾਜਾਈ ਦੇ ਕਰਮਚਾਰੀਆਂ ਵੱਲੋਂ, ਆਪਣੀ ਏਕਤਾ ਤੇ ਸੰਗਠਨ ਮਜ਼ਬੂਤ ਕਰਕੇ, ਆਪਣੇ ਸ਼ੋਸ਼ਣ ਦੇ ਖਿਲਾਫ਼ ਤੇ ਆਪਣੇ ਹੱਕਾਂ ਦੀ ਰੱਖਿਆ ਲਈ ਕੀਤੇ ਜਾ ਰਹੇ ਸੰਘਰਸ਼ ਦਾ ਪੂਰਾ-ਪੂਰਾ ਸਮਰਥਨ ਕਰਦੀ ਹੈ। ਪੂੰਜੀਪਤੀ ਸ਼ਾਸਕ ਵਰਗ ਦੀਆਂ ਨਿੱਜੀਕਰਨ, ਉਦਾਰੀਕਰਨ ਤੇ ਭੂਮੰਡਲੀਕਰਨ ਦੀਆਂ ਨੀਤੀਆਂ ਦੇ ਚੱਲਦੇ, ਮਜ਼ਦੂਰਾਂ, ਦੇ ਅਧਿਕਾਰਾਂ 'ਤੇ ਹੋ ਰਹੇ ਹਮਲੇ ਦੇ ਖਿਲਾਫ਼ ਇਹ ਇਕ ਮਹੱਤਵਪੂਰਨ ਸੰਘਰਸ਼ ਹੈ। ■


**Internet Edition**

■ Mazdoor Ekta Lehar (Hindi Fortnightly)
■ Mazdoor Ekta Lehar (English Fortnightly)
■ Mazdoor Ekta Lehar (Punjabi Monthly)

http://www.cgpi.org
E-mail:- mail@cgpi.org e-mail : melpaper@yahoo.com

## ਜੀ-20 ਸਮੂਹ ਦੀ ਬੈਠਕ:

# ਮਿੱਠੀਆਂ ਗੱਲਾਂ ਨਾਲ ਪੂੰਜੀਵਾਦ ਸੁਧਰੇਗਾ ਨਹੀਂ!

ਜੀ-20 ਸਮੂਹ ਦੀ ਬੈਠਕ 24-25 ਸਤੰਬਰ 2009 ਨੂੰ, ਅਮਰੀਕਾ ਦੇ ਸ਼ਹਿਰ ਪਿਟਸਬਰਗ ਵਿੱਚ ਹੋਈ। ਦੁਨੀਆਂ ਦੇ ਲੀਡਰਾਂ ਨੇ ਅੰਤਰਾਸ਼ਟਰੀ ਵਿੱਤ ਪੂੰਜੀ ਅਤੇ ਵਿਸ਼ਵ ਪੂੰਜੀਵਾਦ ਨੂੰ ਡੁੱਬਣ ਤੋਂ ਬਚਾਉਣ ਲਈ ਆਪਣੀ ਪ੍ਰਸ਼ੰਸਾ ਕੀਤੀ। ਆਰਥਕ ਪਤਨ ਨੂੰ ਰੋਕ ਸਕਣ ਅਤੇ ਵਿਤ ਜ਼ਾਰਾਂ ਨੂੰ ਸਥਿਰ ਕਰ ਸਕਣ ਅਤੇ "21 ਵੀਂ ਸਦੀ ਵਿੱਚ ਮਜਬੂਤ, ਸਥਿਰਤਾਪੂਰਨ ਅਤੇ ਸੰਤੁਲਿਤ ਉੱਨਤੀ" ਦੀ ਤਰਫ ਸੁਧਾਰ ਪ੍ਰਕ੍ਰਿਆ ਨੂੰ ਸ਼ੁਰੂ ਕਰਨ ਲਈ ਉਨ੍ਹਾਂ ਨੇ ਆਪਣੀ ਪਿੱਠ ਥਪ-ਥਪਾਈ।

ਸਾਮਰਾਜਵਾਦੀ ਦੇਸ਼ਾਂ ਦੇ ਲੀਡਰਾਂ ਨੇ ਐਲਾਨ ਕੀਤਾ ਕਿ ਵਿਸ਼ਵ ਪੂੰਜੀਵਾਦੀ ਆਰਥਕਤਾ ਪੁਨਰ-ਜਾਗ੍ਰਤੀ ਦੇ ਰਾਹ ਤੇ ਹੈ। ਉਨ੍ਹਾਂ ਨੇ ਇਹ ਦਾਵਾ ਕੀਤਾ ਕਿ ਸੰਕਟ ਦੀ ਵਜ੍ਹਾ ਸਿਰਫ ਗੈਰ-ਜਿਮੇਦਾਰਾਨਾ ਵਤੀਰਾ ਸੀ। ਹੁਣ ਕਿਉਂਕਿ ਉਹ ਇਸ "ਗੈਰ-ਜਿਮੇਦਾਰਾਨਾ ਵਤੀਰੇ" ਨੂੰ ਨੱਥ ਪਾਉਣ ਲਈ ਕਦਮ ਉਠਾ ਰਹੇ ਹਨ, ਇਸ ਲਈ ਉਨ੍ਹਾਂ ਨੇ ਫਿਰ ਤੋਂ ਇਹ ਦਾਅਵਾ ਕੀਤਾ ਕਿ ਪੂੰਜੀਵਾਦ ਦੁਨੀਆਂ ਦੇ ਅਰਬਾਂ ਹੀ ਲੋਕਾਂ ਲਈ ਉੱਨਤੀ ਲਿਆਏਗਾ। ਇਸ ਲਈ ਉਨ੍ਹਾਂ ਨੇ ਨਸੀਹਤ ਦਿੱਤੀ ਕਿ ਵੱਖ-ਵੱਖ ਸਰਕਾਰਾਂ ਵਲੋਂ ਕੀਤੇ ਜਾ ਰਹੇ "ਪ੍ਰੋਤਸਾਹਨ ਉਪਾਵਾਂ" ਨੂੰ ਜਾਰੀ ਰੱਖਿਆ ਜਾਣਾ ਚਾਹੀਦਾ ਹੈ।

ਇਨ੍ਹਾਂ ਘੋਸ਼ਣਾਵਾਂ ਦਾ ਸਪੱਸ਼ਟ ਮਕਸਦ ਲੋਕਾਂ ਨੂੰ ਭਰਮਾਉਣਾ ਸੀ ਜਿਹੜੇ ਦੁਨੀਆਂ-ਭਰ ਵਿੱਚ ਅਤੇ ਸਾਡੇ ਦੇਸ਼ ਵਿੱਚ ਸਖਤ ਤੰਗੀਆਂ ਅਤੇ ਕਸ਼ਟਾਂ 'ਚ ਗੁਜਰ ਰਹੇ ਹਨ। ਵਿਸ਼ਵ ਆਰਥਕਤਾ ਅਤੇ ਲੋਕ ਸੰਕਟ 'ਚ ਹਨ। ਵਿੱਤੀ ਅਤੇ ਉਦਯੋਗਕ ਮੁਨਾਫੇ ਪਿਛਲੇ ਸਾਲ ਦੀ ਤੁਲਨਾ 'ਚ ਕੁਛ ਸਮੇਂ ਵੀ ਵਧੇ ਹਨ, ਐਪਰ ਇਹਦੀ ਵਜ੍ਹਾ ਏਹੀ ਹੈ ਕਿ ਵੱਖ-ਵੱਖ ਸਰਕਾਰਾਂ ਨੇ ਇਜਾਰੇਦਾਰ ਸਰਮਾਏਦਾਰਾਂ ਨੂੰ ਬਚਾਉਣ ਲਈ ਅਰਬਾਂ-ਖਰਬਾਂ ਰੁਪਏ ਦਿੱਤੇ ਹਨ, ਵੱਡੇ ਪੈਮਾਨੇ ਤੇ ਮਜਦੂਰਾਂ ਨੂੰ ਨੌਕਰੀਆਂ ਤੋਂ ਕੱਢਕੇ ਸਰਮਾਏਦਾਰਾਂ ਨੇ ਆਪਣੇ ਖਰਚੇ ਘਟਾਏ ਹਨ ਅਤੇ ਕੰਮ ਕਰਦੇ ਮਜਦੂਰਾਂ ਦੀ ਲੁੱਟ ਵਧਾ ਕੇ ਉਨ੍ਹਾਂ ਤੋਂ ਜ਼ਿਆਦਾ ਵਾਧੂ ਮੁੱਲ ਨਿਚੋੜਿਆ ਜਾ ਰਿਹਾ ਹੈ।

ਅੰਤਰਰਾਸ਼ਟਰੀ ਪੱਧਰ ਤੇ ਉਤਪਾਦਨ ਘਟਦਾ ਜਾ ਰਿਹਾ ਹੈ, ਕਾਰਖਾਨੇ ਬੰਦ ਹੋ ਰਹੇ ਹਨ, ਲੱਖਾਂ ਹੀ ਨੌਕਰੀਆਂ ਖਤਮ ਹੋ ਰਹੀਆਂ ਹਨ, ਪਰਿਵਾਰਾਂ ਦੀ ਆਮਦਨੀ ਅਤੇ ਜੀਵਨ-ਮਿਆਰ ਗਿਰਦੇ ਜਾ ਰਹੇ ਹਨ। ਅਨੁਮਾਨ ਲਾਇਆ ਜਾ ਰਿਹਾ ਹੈ ਕਿ ਸੰਕਟ ਤੇਜ਼ ਹੋਣ ਨਾਲ ਦੁਨੀਆਂ ਵਿੱਚ 5-10 ਕ੍ਰੋੜ ਨੌਕਰੀਆਂ ਖਤਮ ਹੋ ਜਾਣਗੀਆਂ ਅਤੇ "ਮਿਹਨਤਕਸ਼ ਗਰੀਬਾਂ" ਦੀ ਗਿਣਤੀ ਵਧਕੇ 140 ਕ੍ਰੋੜ ਹੋ ਜਾਵੇਗੀ। ਪਹਿਲਾਂ ਹੀ 2008-09 ਵਿੱਚ ਪੂਰੀ ਦੁਨੀਆਂ ਅੰਦਰ ਕਰੀਬ 20 ਕ੍ਰੋੜ ਨੌਕਰੀਆਂ ਖੁਸ ਗਈਆਂ ਹਨ। ਬੇਰੁਜ਼ਗਾਰੀ ਦੇ ਸਰਕਾਰੀ ਅੰਕੜੇ ਪਹਿਲਾਂ ਨਾਲੋਂ ਕਿਤੇ ਵਧੇਰੇ ਉਚਾਈ ਤਕ ਪਹੁੰਚ ਗਏ ਹਨ, ਪਰੰਤੂ ਇਸ ਸੱਭ ਦੇ ਬਾਵਯੂਦ, ਇਹ ਲੀਡਰ ਲੋਕਾਂ ਨੂੰ ਯਕੀਨ ਦੁਆਉਣਾ ਚਾਹੁੰਦੇ ਹਨ ਕਿ ਆਰਥਿਕਤਾ ਵਿੱਚ ਤਰੱਕੀ ਆ ਰਹੀ ਹੈ, ਆਰਥਿਕਤਾ ਸੁਧਰ ਰਹੀ ਹੈ।

ਸੁਧਾਰ ਸਿਰਫ ਵੱਡੀਆਂ ਸਰਮਾਏਦਾਰ ਕੰਪਣੀਆਂ ਦੇ ਮੁਨਾਫਿਆਂ ਵਿੱਚ ਹੋ ਰਿਹਾ, ਜੋ "ਪ੍ਰੋਤਸਾਹਨ ਉਪਾਵਾਂ" ਕਾਰਨ ਵਧ ਰਹੇ ਹਨ। ਅਨੁਮਾਨਤ 10.8 ਖਰਬ ਡਾਲਰ ਦਾ ਅਮਰੀਕੀ ਸਰਕਾਰ ਦੁਆਰਾ ਦਿੱਤਾ ਗਿਆ "ਪ੍ਰੋਤਸਾਹਨ", ਹੁਣ ਤਕ ਸਰਕਾਰੀ ਕਰਜ਼ ਵਿੱਚ ਖੂਬ ਵਾਧਾ ਕਰਕੇ ਦਿੱਤਾ ਗਿਆ ਹੈ। ਸਿਰਫ ਅਮਰੀਕੀ ਕੇਂਦਰੀ ਸਰਕਾਰ ਦਾ ਹੁਣ ਤਕ ਦਾ ਕਰਜ਼ਾ 11.8 ਖਰਬ ਡਾਲਰ ਹੈ, ਜਦਕਿ ਸਿਰਫ 2009 ਵਿੱਚ ਉਹਦਾ ਵਿੱਤੀ ਘਾਟਾ 1.8 ਖਰਬ ਡਾਲਰ ਹੋਣ ਵਾਲਾ ਹੈ ਅਤੇ ਕਮ-ਸ-ਕਮ ਅਗਲੇ ਦਸ ਸਾਲਾਂ ਤਕ ਪ੍ਰਤੀ ਸਾਲ ਉਹਦਾ ਵਿੱਤੀ ਘਾਟਾ ਇੱਕ ਖਰਬ ਡਾਲਰ ਤੋਂ ਜ਼ਿਆਦਾ ਹੋਵੇਗਾ।

ਹਿੰਦੋਸਤਾਨ ਸਮੇਤ ਸਾਰੀਆਂ ਵੱਡੀਆਂ ਸਾਮਰਾਜਵਾਦੀ ਤਾਕਤਾਂ ਦੇ ਵਿਸ਼ਾਲ ਪੈਮਾਨੇ ਤੇ ਵਿੱਤੀ ਪ੍ਰੋਤਸਾਹਨ ਪ੍ਰੋਗਰਾਮਾਂ ਦੇ ਕਾਰਨ ਸਰਕਾਰੀ ਘਾਟੇ ਬਹੁਤ ਵਧ ਰਹੇ ਹਨ। ਮਿਸਾਲ ਦੇ ਤੌਰ ਤੇ, ਅਮਰੀਕਾ ਵਿੱਚ ਸਰਕਾਰੀ ਘਾਟਾ ਸਕਲ ਘਰੇਲੂ ਉਤਪਾਦ ਦਾ ਲਗ-ਭਗ 13.5 ਫੀਸਦੀ, ਬਰਤਾਨੀਆਂ ਵਿੱਚ 11.6

## ਜੀ-20 ਸਮੂਹ ਦੀ ਮੈਂਬਰਸ਼ਿਪ ਅਤੇ ਬੈਠਕ

ਜੀ-20 ਸਮੂਹ ਦੇ ਮੈਂਬਰਾਂ ਵਿੱਚ ਜੀ-8 ਦੇ ਮੈਂਬਰ—ਅਮਰੀਕਾ, ਬਰਤਾਨੀਆਂ, ਕਨੇਡਾ, ਫਰਾਂਸ, ਜਰਮਨੀ, ਇੱਟਲੀ, ਜਪਾਨ ਅਤੇ ਰੂਸ – ਅਤੇ ਏਸ਼ੀਆ 'ਚੋਂ ਚੀਨ, ਹਿੰਦੋਸਤਾਨ, ਇੰਡੋਨੇਸ਼ੀਆ ਅਤੇ ਦੇਖਣੀ ਕੋਰੀਆ, ਲਾਤੀਨੀ ਅਮਰੀਕਾ 'ਚੋਂ ਅਰਜਨਟੀਨਾ, ਬ੍ਰਾਜ਼ੀਲ ਅਤੇ ਮੈਕਸੀਕੋ, ਪੱਛਮੀ ਏਸ਼ੀਆ 'ਚੋਂ ਸਾਊਦੀ ਅਰਬ ਅਤੇ ਅਫਰੀਕਾ 'ਚੋਂ ਦੱਖਣੀ ਅਫਰੀਕਾ ਤੋਂ ਇਲਾਵਾ ਤੁਰਕੀ ਅਤੇ ਅਸਟ੍ਰੇਲੀਆ ਸ਼ਾਮਲ ਹਨ। ਇਹ ਦੇਸ਼ 80 ਫੀਸਦੀ ਵਿਸ਼ਵ ਵਪਾਰ, 85 ਫੀਸਦੀ ਵਿਸ਼ਵ ਆਰਥਕਤਾ ਅਤੇ ਦੋ-ਤਿਹਾਈ ਵਿਸ਼ਵ ਅਬਾਦੀ ਦੇ ਮਾਲਕ ਹਨ। ਏਸ ਲਈ ਇਹ ਕਿਹਾ ਜਾ ਰਿਹਾ ਹੈ ਕਿ ਜੀ-20 ਸਮੂਹ ਪੂਰੀ ਦੁਨੀਆਂ ਦੀ ਪ੍ਰਤੀਨਿਧਤਾ ਕਰਦਾ ਹੈ। ਬੈਠਕ ਵਿੱਚ ਆਈ.ਐਮ.ਐਫ., ਵਿਸ਼ਵ ਬੈਂਕ, ਡਬਲਯੂ ਟੀ.ਓ. ਅਤੇ ਯੂਰਪੀਨ ਯੂਨੀਅਨ ਦੇ ਪ੍ਰਧਾਨ ਵੀ ਸ਼ਾਮਲ ਸਨ।

ਜੀ-20 ਦੀ ਸਥਾਪਨਾ 1990 ਵਿੱਚ ਅਖੌਤੀ ਏਸ਼ੀਆਈ ਵਿੱਤ ਸੰਕਟ ਤੋਂ ਬਾਅਦ ਕੀਤੀ ਗਈ ਸੀ। ਇਹ ਮੁੱਖ ਤੌਰ ਤੇ ਵਿੱਤ ਮੰਤਰੀਆਂ ਅਤੇ ਕੇਂਦਰੀ ਬੈਂਕਰਾਂ ਦੇ ਸੰਗਠਨ ਬਤੌਰ ਥਾਪਿਆ ਗਿਆ ਸੀ। ਲੇਕਿਨ ਪਿਛਲੇ ਸਾਲ ਤੋਂ, ਚਲ ਰਹੇ ਵਰਤਮਾਨ ਵਿਸ਼ਵ ਸੰਕਟ ਦੇ ਬਹੁਤ ਤੇਜ਼ ਹੋ ਜਾਣ ਦੇ ਨਾਲ ਹੀ, ਜੀ-20 ਸਮੂਹ ਬਹੁਤ ਹੀ ਸਰਗਰਮ ਹੋ ਗਿਆ ਹੈ ਅਤੇ ਦੁਨੀਆਂ ਦੀਆਂ ਵੱਡੀਆਂ-ਵੱਡੀਆਂ ਤਾਕਤਾਂ ਵਿਸ਼ਵ ਦੀਆਂ ਆਰਥਕ ਨੀਤੀਆਂ ਨੂੰ ਨਵੇਂ ਤਰੀਕੇ ਨਾਲ ਚਲਾਉਣ ਦੀ ਕੋਸ਼ਸ਼ ਕਰ ਰਹੀਆਂ ਹਨ।

ਇਹਦੀ ਪਹਿਲੀ ਬੈਠਕ ਨਵੰਬਰ 2008 ਵਿੱਚ ਵਸ਼ਿੰਗਟਨ ਵਿੱਚ ਹੋਈ ਸੀ, ਫਿਰ ਅਪ੍ਰੈਲ 2009 ਵਿੱਚ ਲੰਦਨ ਅਤੇ ਹੁਣ ਦੀ ਇਹ ਬੈਠਕ ਪਿਟਸਬਰਗ ਵਿੱਚ ਹੋਈ। ਜੂਨ 2010 ਵਿੱਚ ਕਨੇਡਾ ਵਿੱਚ ਅਤੇ ਨਵੰਬਰ 2010 ਵਿੱਚ ਦੱਖਣੀ ਕੋਰੀਆ ਵਿੱਚ ਇਹਦੀਆਂ ਅਗਲੀਆਂ ਬੈਠਕਾਂ ਹੋਣਗੀਆਂ– ਜਾਣੀਕਿ ਸਿਰਫ 2 ਸਾਲਾਂ ਅੰਦਰ 5 ਬੈਠਕਾਂ!

ਫੀਸਦੀ, ਫਰਾਂਸ ਵਿੱਚ 7.4 ਫੀਸਦੀ, ਜਪਾਨ ਵਿੱਚ 10.3 ਫੀਸਦੀ ਅਤੇ ਹਿੰਦੋਸਤਾਨ ਵਿੱਚ 10 ਫੀਸਦੀ ਹੈ। ਦੂਸਰੀ ਸੰਸਾਰ ਜੰਗ ਤੋਂ ਬਾਅਦ ਇਹ ਸੱਭ ਤੋਂ ਅਧਿਕ ਸਰਕਾਰੀ ਘਾਟੇ ਹਨ। ਇਹ ਹਾਲਤਾਂ ਲੋਕਾਂ ਲਈ ਖਤਰਨਾਕ ਹਨ। ਵਿਸ਼ਾਲ ਸਰਕਾਰੀ ਕਰਜ਼ਿਆਂ ਨੂੰ ਚੁਕਾਉਣ ਲਈ ਸਿੱਖਿਆ, ਸਿਹਤ ਸੇਵਾ, ਵਸੇਬੇ ਅਤੇ ਲੋਕ ਕਲਿਆਨ ਸੇਵਾਵਾਂ ਵਿੱਚ ਜਰੂਰ ਹੀ ਕਟੌਤੀ ਕੀਤੀ ਜਾਵੇਗੀ।

ਜੀ-20 ਬੈਠਕ ਵਿੱਚ ਪੂਰੀ ਕੋਸ਼ਿਸ਼ ਕੀਤੀ ਗਈ ਕਿ ਪੂੰਜੀਵਾਦ ਦੇ ਨਿਯਮਾਂ ਤੋਂ ਲੋਕਾਂ ਦਾ ਧਿਆਨ ਹਟਾਇਆ ਜਾਵੇ, ਕਿ ਲੋਕ ਇਸ ਹਕੀਕਤ ਨੂੰ ਨਾ ਸਮਝ ਸਕਣ ਕਿ ਪੂਰੀ ਦੁਨੀਆਂ ਵਿੱਚ ਕ੍ਰੋੜਾਂ ਹੀ ਲੋਕ ਲੁਟੀਂਦੇ ਅਤੇ ਪੀੜਤ ਹਨ ਅਤੇ ਉਨ੍ਹਾਂ ਨੂੰ ਹੁਣ ਹੋਰ ਵੀ ਵਧੇਰੇ ਕਰਠਾਈਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਜੀ- 20 ਸਮੂਹ ਨੇ ਇਹ ਐਲਾਨ ਕੀਤਾ ਕਿ ਹੁਣ ਤੋਂ ਜੀ-8 ਨਹੀਂ ਬਲਕਿ ਜੀ-20 ਵਿਸ਼ਵ ਆਰਥਿਕਤਾ ਦਾ ਸੰਚਾਲਨ ਕਰਨ ਦੀ ਜਿਮੇਵਾਰੀ ਸੰਭਾਲੇਗਾ। ਇਹ ਆਰਥਕ ਤਾਕਤਾਂ ਦੇ ਬਦਲਦੇ ਸੰਤੁਲਨ ਅਤੇ ਦੁਨੀਆਂ ਦੀਆਂ ਮੁੱਖ ਸਾਮਰਾਜਵਾਦੀ ਤਾਕਤਾਂ ਦੇ ਸਮੂਹ ਵਿੱਚ ਚੀਨ ਅਤੇ ਹਿੰਦੋਸਤਾਨ ਵਰਗੀਆਂ ਉੱਭਰ ਰਹੀਆਂ ਤਾਕਤਾਂ ਨੂੰ ਸ਼ਾਮਲ ਕਰਨ ਦੀ ਜਰੂਰਤ ਦਾ ਸੰਕੇਤ ਹੈ।

ਬੈਠਕ ਦੇ ਅੰਤ 'ਚ ਜੀ-20 ਦੀ ਭੂਮਿਕਾ ਨੂੰ ਵਿਸਤ੍ਰਿਤ ਕਰਨ ਅਤੇ ਇਸਨੂੰ ਅੰਤਰਰਾਸ਼ਟਰੀ ਆਰਥਕ ਨੀਤੀਆਂ ਬਨਾਉਣ 'ਚ ਵਧੇਰੇ ਅਹਿਮ ਭੂਮਿਕਾ ਦੇਣ ਤੇ ਸਾਰੇ ਲੀਡਰ ਸਹਿਮਤ ਹੋਏ। ਖਾਸ ਤੌਰ ਤੇ ਜੀ-20 ਸਮੂਹ ਤੋਂ ਬਾਹਰ ਦੇ 170 ਘੱਟ ਵਿਕਸਿਤ ਦੇਸ਼ਾਂ ਵਿੱਚ ਸਾਮਰਾਜਵਾਦੀ ਅਜੰਡੇ ਨੂੰ ਲਾਗੂ ਕਰਨ ਲਈ, ਵਿਸ਼ਵ ਬੈਂਕ ਅਤੇ ਆਈ.ਐਮ.ਐਫ. ਦੀ ਵਧੇਰੇ ਸਰਗਰਮ ਭੂਮਿਕਾ ਦੀ ਹਮਾਇਤ ਕੀਤੀ ਗਈ।

ਜੀ-20 ਬੈਠਕ ਨੇ, ਘੱਟ ਪ੍ਰਤੀਨਿਧਤਾ ਵਾਲੇ ਦੇਸ਼ਾਂ ਦੇ ਵੋਟਿੰਗ ਹਿੱਸੇ ਨੂੰ ਵਧਾ ਕੇ, ਆਈ.ਐਮ.ਐਫ. ਅਤੇ ਵਿਸ਼ਵ ਸੈਂਕ ਦੀ ਵੈਧਤਾ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ। ਲੇਕਿਨ ਚੀਨ ਅਤੇ ਹਿੰਦੋਸਤਾਨ ਦਾ ਕਹਿਣਾ ਸੀ ਕਿ ਵੋਟਿੰਗ ਹਿੱਸੇ 'ਚ ਕੀਤੀ ਗਈ ਬੜੌਤਰੀ ਕਾਫੀ ਨਹੀਂ ਸੀ। ■

## ਵਿਸ਼ਾਲ ਵਿਰੋਧ ਮੁਜਾਹਰੇ

ਪਿਟਸਬਰਗ ਵਿੱਚ ਹੋਈ ਜੀ-20 ਸਮੂਹ ਦੀ ਬੈਠਕ ਦੇ ਖਿਲਾਫ ਵਿਸ਼ਾਲ ਵਿਰੋਧ-ਮੁਜ਼ਾਹਰੇ ਕੀਤੇ ਗਏ। ਪੁਲਸ ਨੇ ਮੁਜ਼ਾਹਰਾਕਾਰੀਆਂ ਉਤੇ ਭਾਰੀ ਤਸ਼ੱਦਦ ਕੀਤਾ। ਸਭ ਸਕੂਲਾਂ ਅਤੇ ਉਦਯੋਗਾਂ ਸਮੇਤ ਪੂਰਾ ਸ਼ਹਿਰ ਦੋ ਦਿਨ ਬੰਦ ਰਿਹਾ। ਕਿਸੇ ਵੀ ਨਿੱਜੀ ਗੱਡੀ ਨੂੰ ਸ਼ਹਿਰ ਦੇ ਕੇਂਦਰੀ ਹਿੱਸੇ 'ਚ ਜਾਣ ਨਾ ਦਿੱਤਾ ਗਿਆ, ਜਿੱਥੇ ਬੈਠਕ ਹੋ ਰਹੀ ਸੀ।

ਮੁਜ਼ਾਹਰਾਕਾਰੀ ਆਪਣੀਆਂ ਸਮੱਸਿਆਵਾਂ ਦੇ ਹੱਲ ਦੀ ਮੰਗ ਕਰ ਰਹੇ ਸਨ। ਉਹ ਬੈਂਕਾਂ ਦੀ ਬਜਾਇ ਲੋਕਾਂ ਨੂੰ ਰਾਹਤ ਦੇਣ ਦੀ ਮੰਗ ਕਰ ਰਹੇ ਸਨ। ਪੂਰੇ ਸ਼ਹਿਰ ਵਿੱਚ ਵੱਡੀ ਗਿਣਤੀ 'ਚ ਹਥਿਆਰਬੰਦ ਪੁਲਸ ਤਾਇਨਾਤ ਸੀ। ਪੁਲਸ ਨੇ ਮੁਜ਼ਾਹਰਾਕਾਰੀਆਂ ਖਿਲਾਫ ਅਥਰੂ ਗੈਸ, ਸਟੱਨ ਗ੍ਰਨੇਡ, ਸਮੋਕ ਕੈਨਿਸਟਰ ਅਤੇ ਸਾਊਂਡ ਕਮਾਨ ਇਸਤੇਮਾਲ ਕੀਤੇ (ਸਾਊਂਡ ਕਮਾਨ ਬਹੁਤ ਹੀ ਭਿਅੰਕਰ ਸ਼ੋਰ ਮਚਾਉਂਦੇ ਹਨ ਅਤੇ ਇਹ ਅਮਰੀਕਾ ਵਿੱਚ ਪਹਿਲੀ ਵਾਰ ਇਸਤੇਮਾਲ ਕੀਤੇ ਗਏ)।

## ਨਿਯਮਗਿਰੀ...

**ਸਫਾ 14 ਦੀ ਬਾਕੀ**

ਨਿਯਾਮਗਿਰੀ 'ਚ ਚੱਲ ਰਹੇ ਸੰਘਰਸ਼ ਦੇ ਸਮਰਥਨ 'ਚ 10 ਅਕਤੂਬਰ ਨੂੰ ਨਵੀਂ ਦਿੱਲੀ ਦੇ ਹਿੰਦੀ ਭਵਨ 'ਚ ਇਕ ਜਨ ਸਭਾ ਹੋਈ। ਜਨ ਸਭਾ ਨੂੰ 'ਨਿਯਾਮਗਿਰੀ ਸੋਲਿਡੇਰਿਟੀ ਗਰੁੱਪ' ਦੇ ਨਾਲ ਸਾਂਝੇ ਤੌਰ 'ਤੇ ਕਰਵਾਉਣ ਵਾਲੇ ਸੰਗਠਨਾਂ 'ਚ ਸ਼ਾਮਿਲ ਸਨ---ਲੋਕ ਰਾਜ ਸੰਗਠਨ, ਕਾਸ਼ੀਪੁਰ ਸੋਲਿਡੇਰਿਟੀ ਗਰੁੱਪ, ਏ.ਆਈ.ਪੀ.ਡਬਲਿਊ.ਏ., ਭਾਕਪਾ(ਮਾਲੇ) ਲਿਬਰੇਸ਼ਨ, ਪੀ.ਐਸ.ਯੂ., ਪੀਪਲਸ ਪੋਲਿਟੀਕਲ ਫਰੰਟ, ਐਮ.ਕੇ.ਐਸ.ਐਸ., ਐਨ.ਏ.ਪੀ.ਐਮ., ਐਨ.ਐਫ.ਐਫ.ਪੀ.ਐਫ. ਡਬਲਿਊ., ਦਿੱਲੀ ਪਲੇਟਫਾਰਮ, ਕਲਪਵਰਿਕਸ਼, ਏ.ਆਈ. ਐਸ.ਐਫ.ਏ. ਆਈ.ਐਸ.ਏ., ਦੀ ਅਦਰ ਮੀਡੀਆ, ਦਿੱਲੀ ਫੋਰਮ, ਕਰਿਤੀ, ਪੀ.ਯੂ.ਸੀ.ਐਲ., ਇੰਟਰ ਕਲਚਰਲ ਰਿਸੋਰਸ, ਪੀ.ਯੂ.ਡੀ.ਆਰ., ਹਰਿਤ ਸਵਰਾਜ ਅਭਿਯਾਨ, ਲੋਕਾਯਨ, ਪ੍ਰਤਿਧਵਨੀ, ਇਲਾਇੰਸ ਆਫ ਐਕੇਡੇਮਿਕਸ, ਆਰਟਿਸਟਸ ਐਂਡ ਐਕਟੀਵੀਟਸ (ਜੇ.ਐਨ.ਯੂ.) ਅਤੇ ਕਈ ਹੋਰ ਗਰੁੱਪ ਤੇ ਵਿਅਕਤੀ।

ਸਭਾ 'ਚ ਬੁਲਾਰਿਆਂ ਨੇ ਬਹੁਤ ਹੀ ਭਾਵੁਕ ਰੂਪ ਨਾਲ ਨਿਯਾਮਗਿਰੀ ਦੇ ਨਿਵਾਸੀਆਂ ਦੀ ਦੁੱਖ ਭਰੀ ਸਥਿਤੀ ਦਾ ਵਰਨਣ ਕੀਤਾ ਤੇ 'ਵਿਕਾਸ' ਦੇ ਨਾਂਅ 'ਤੇ ਹੋ ਰਹੇ ਉਥੇ ਦੇ ਨਿਵਾਸੀਆਂ ਦੇ ਜੀਵਨ ਤੇ ਰੁਜ਼ਗਾਰ ਉਤੇ ਹਮਲੇ, ਵਾਤਾਵਰਨ ਦੇ ਵਿਨਾਸ਼ ਤੇ ਮਾਨਵ ਅਧਿਕਾਰਾਂ ਦੇ ਖੋਹੇ ਜਾਣ ਦੀ ਜ਼ੋਰਦਾਰ ਨਿੰਦਿਆ ਕੀਤੀ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਸਰਕਾਰ ਨੂੰ ਵੇਦਾਂਤ ਵਰਗੇ ਵੱਡੇ ਇਜ਼ਾਰੇਦਾਰ ਪੂੰਜੀਪਤੀਆਂ ਦੇ ਜ਼ਿਆਦਾ ਮੁਨਾਫ਼ਿਆਂ ਲਈ ਜ਼ਿਆਦਾ ਚਿੰਤਾ ਹੈ, ਨਾ ਕਿ ਨਿਯਾਮਗਿਰੀ ਦੇ ਨਿਵਾਸੀਆਂ ਦੀ ਰੋਜ਼ੀ ਰੋਟੀ ਤੇ ਭਵਿੱਖ ਦੀ। ਬੁਲਾਰਿਆਂ ਨੇ ਮੰਗ ਕੀਤੀ ਕਿ ਰਾਜ ਸਰਕਾਰ ਨੇ ਵੇਦਾਂਤ ਕੰਪਨੀ ਦੇ ਨਾਲ ਜੋ ਸਾਰੇ ਖਨਨ ਤੇ ਰਿਫਾਇਨਰੀ ਪਰਿਯੋਜਨਾਵਾਂ ਦੇ ਸਮਝੌਤੇ ਕੀਤੇ ਹਨ, ਉਨ੍ਹਾਂ ਸਭ ਨੂੰ ਤੁਰੰਤ ਰੱਦ ਕੀਤਾ ਜਾਵੇ। ਲਾਂਜੀਗੜ੍ਹ ਦੀ ਰਿਫਾਇਨਰੀ ਨੂੰ ਤੁਰੰਤ ਬੰਦ ਕੀਤਾ ਜਾਵੇ ਉਸ ਨਾਲ ਪੀੜਤ ਲੋਕਾਂ ਨੂੰ ਮੁਆਵਜ਼ਾ ਦਿੱਤਾ ਜਾਵੇ, ਤੇ ਖਨਨ ਦੇ ਲਈ ਵੇਦਾਂਤ ਕੰਪਨੀ ਨੂੰ ਦਿੱਤੀਆਂ ਗਈਆਂ ਸਾਰੀਆਂ ਇਜਾਜ਼ਤਾਂ ਵਾਪਿਸ ਲਈਆਂ ਜਾਣ, ਵੇਦਾਂਤ ਕੰਪਨੀ ਦੇ ਨਾਲ ਸਾਰੀਆਂ ਸਰਕਾਰੀ ਕਾਰਵਾਈਆਂ ਨੂੰ ਰੋਕਿਆ ਜਾਵੇ, ਜੰਗਲਾਂ 'ਚ ਖੜ੍ਹੀਆਂ ਕੀਤੀਆਂ ਗਈਆਂ ਰੁਕਾਵਟਾਂ ਨੂੰ ਹਟਾਇਆ ਜਾਵੇ, ਨਿਯਮਗਿਰੀ ਨੂੰ ਸਥਾਈ ਤੌਰ 'ਤੇ ਖਨਨ ਸੁਰੱਖਿਅਤ ਖੇਤਰ ਘੋਸ਼ਿਤ ਕੀਤਾ ਜਾਵੇ ਤੇ ਇਸ ਸਭ ਦੇ ਖਿਲਾਫ਼ ਆਵਾਜ਼ ਉਠਾਉਣ ਵਾਲੇ ਲੋਕਾਂ 'ਤੇ ਲਗਾਏ ਗਏ ਕਨੂੰਨੀ ਦੋਸ਼ਾਂ ਨੂੰ ਹਟਾਇਆ ਜਾਵੇ।

ਸਭਾ ਦੀ ਪ੍ਰਧਾਨਗੀ ਪ੍ਰੋ. ਮਨੋਰੰਜਨ ਮੋਹੰਤੀ ਤੇ ਰੰਜਨਾ ਪਾਧੀ ਨੇ ਕੀਤੀ। ਬੁਲਾਰਿਆਂ 'ਚ ਸ਼ਾਮਿਲ ਸਨ ਪ੍ਰਫੁੱਲ ਸਾਮੰਤਰਾ, ਗਿਰੀਧਾਰੀ ਪਾਤਰ, ਸਾਯੰਤਨੀ ਦੱਤਾ, ਮਮਤਾ ਦਾਸ, ਪ੍ਰੋ. ਕੇ.ਬੀ. ਸਕਸੈਨਾ ਤੇ ਮੰਨੀ ਪ੍ਰਮੰਨੀ ਲੇਖਿਕਾ ਅਰੁੰਧਤੀ ਰਾਏ। ਵਿਸ਼ੇ 'ਤੇ ਚਰਚਾ ਦੇ ਦੌਰਾਨ ਲੋਕ ਰਾਜ ਸੰਗਠਨ ਵੱਲੋਂ ਬਿਰਜੂ ਨਾਇਕ ਨੇ ਜਨਤਾ ਦੇ ਹੱਥ 'ਚ ਰਾਜ ਸੱਤਾ ਦੇ ਲਈ ਸੰਘਰਸ਼ ਕਰਨ ਦੇ ਅਹਿਮ ਮੁੱਦੇ ਨੂੰ ਚੁੱਕਿਆ, ਜੋ ਕਿ ਜ਼ਮੀਨ, ਸਾਧਨਾਂ ਤੇ ਰੋਜ਼ੀ-ਰੋਟੀ ਉਤੇ ਜਨਤਾ ਦਾ ਨਿਯੰਤਰਨ ਯਕੀਨੀ ਬਨਾਉਣ ਦੇ ਲਈ ਨਿਰਨਾਇਕ ਹੈ। ਨਿਯਾਮਗਿਰੀ ਦੇ ਲੋਕਾਂ ਦੇ ਸੰਘਰਸ਼ ਦੇ ਸਮਰਥਨ 'ਚ ਇਕ ਪ੍ਰਸਤਾਵ ਪੜ੍ਹਿਆ ਗਿਆ। ਪ੍ਰਤਿਧਵਨੀ ਸੱਭਿਆਚਾਰਕ ਦਲ ਵੱਲੋਂ ਪੇਸ਼ ਕੀਤੇ ਗਏ ਆਦਿਵਾਸੀ ਸਮੂਹਾਂ ਦੇ ਜਨਸੰਘਰਸ਼ ਦੇ ਗੀਤ ਨਾਲ ਸਾਰੇ ਸਭਾ ਦੇ ਮੈਂਬਰ ਖੁਸ਼ ਹੋ ਗਏ। ■

# ਯੂਨੀਵਰਸਿਟੀਆਂ ਦੇ ਅਧਿਆਪਕਾਂ ਦੀਆਂ ਸਮੱਸਿਆਵਾਂ

ਕਿਸੇ ਵੀ ਸਮਾਜ ਵਿੱਚ, ਯੂਨੀਵਰਸਿਟੀਆਂ ਦਾ ਕੰਮ ਅਜੇਹੇ ਵਿਅਕਤੀ ਤਿਆਰ ਕਰਨਾ ਹੁੰਦਾ ਹੈ ਜੋ ਉੱਚੇ ਪੱਧਰ ਦੇ ਗਿਆਨ ਅਤੇ ਬੌਧਕ ਕਾਬਲੀਅਤ ਵਾਲੇ ਪੇਸ਼ਿਆਂ ਅਤੇ ਕੰਮਾਂ ਨੂੰ ਕਰ ਸਕਣ। ਇਹ ਦਾਵ੍ਹਾ ਕੀਤਾ ਜਾਂਦਾ ਹੈ ਕਿ ਅੱਜ ਹਿੰਦੋਸਤਾਨ ਦੀ ਵਿਗਿਆਨਕ ਅਤੇ ਤਕਨੀਕੀ ਮਾਨਵ-ਸ਼ਕਤੀ ਦੁਨੀਆਂ ਵਿੱਚ ਤੀਸਰੇ ਨੰਬਰ ਤੇ ਆਉਂਦੀ ਹੈ। ਇਹ ਸਮਝਿਆ ਜਾਂਦਾ ਹੈ ਕਿ ਇਹ ਉੱਚ ਸਿੱਖਿਆ ਪ੍ਰਾਪਤ ਲੋਕ, ਦੁਨੀਆਂ ਭਰ ਦੇ ਦੇਸ਼ਾਂ ਦੀਆਂ ਵਿਗਿਆਨਕ ਅਤੇ ਤਕਨੀਕੀ ਮਾਨਵ-ਸ਼ਕਤੀ ਦੀਆਂ ਜਰੂਰਤਾਂ ਪੂਰੀਆਂ ਕਰ ਰਹੇ ਹਨ। ਪ੍ਰੰਤੂ ਦੁੱਖ ਦੀ ਗੱਲ ਇਹ ਹੈ ਕਿ ਹਿੰਦੋਸਤਾਨ ਦੀ ਯੂਨੀਵਰਸਿਟੀ ਵਿਵਸਥਾ ਦੇ ਸੱਭ ਤੋਂ ਉੱਤਮ ਵਿਦਿਆਰਥੀਆਂ ਅਤੇ ਵਿਦਿਆਰਥਣਾਂ ਦਾ ਬਹੁਤ ਹੀ ਛੋਟਾ ਹਿੱਸਾ ਪੜ੍ਹਾਈ ਖਤਮ ਕਰਨ ਤੋਂ ਬਾਅਦ ਅਧਿਆਪਕਾਂ ਬਤੌਰ ਇਸ ਵਿਵਸਥਾ 'ਚ ਪ੍ਰਵੇਸ਼ ਕਰਦੇ ਹਨ। ਇਸਦੇ ਕਈ ਕਾਰਨ ਹਨ, ਪ੍ਰੰਤੂ ਇੱਕ ਕਾਰਨ ਅਵੱਸ਼ ਹੀ ਸਾਡੇ ਕਾਲਜ਼ਾਂ ਅਤੇ ਯੂਨੀਵਰਸਿਟੀਆਂ ਦੇ ਅਧਿਆਪਕਾਂ ਦੀਆਂ ਕੰਮ ਦੀਆਂ ਹਾਲਤਾਂ ਹਨ।

ਅੱਜ-ਕਲ੍ਹ ਇਹ ਜਰੂਰੀ ਹੋ ਗਿਆ ਹੈ ਕਿ ਯੂਨੀਵਰਸਿਟੀ 'ਚ ਅਧਿਆਪਕ ਬਨਣ ਲਈ ਉਮੀਦਵਾਰ ਨੇ ਪੀ.ਐਚ.ਡੀ ਕੀਤੀ ਹੋਵੇ ਜਾਂ ਕਰ ਰਿਹਾ ਹੋਵੇ। ਇਸਦਾ ਇਹ ਮਤਲਬ ਹੋਇਆ ਕਿ ਯੂਨੀਵਰਸਿਟੀ 'ਚ ਅਧਿਆਪਕ ਲੱਗਣ ਲਈ ਪੜਾਈ 20 ਤੋਂ 25 ਸਾਲ ਤਕ ਹੀ ਪੂਰੀ ਹੁੰਦੀ ਹੈ। ਇਸ ਅਰਸੇ ਦੁਰਾਨ, ਜਾਣੀਕਿ ਜਦ ਤਕ ਉਹ 30 ਸਾਲ ਦੀ ਉਮਰ ਤਕ ਪਹੁੰਚਦੇ ਹਨ, ਤਦ ਤਕ ਉਨ੍ਹਾਂ ਦੀ ਕੋਈ ਆਮਦਨੀ ਨਹੀਂ ਹੁੰਦੀ। ਜਿਹੜੇ ਵਿਦਿਆਰਥੀ ਨੌਕਰੀ ਕਰਨ ਦੇ ਨਾਲ-ਨਾਲ ਪੜ੍ਹਾਈ ਪੂਰੀ ਕਰਨ ਦੀ ਕੋਸ਼ਸ਼ ਕਰਦੇ ਹਨ, ਉਨ੍ਹਾਂ ਨੂੰ ਕਾਫੀ ਕਠਨਾਈਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਯੂਨੀਵਰਸਿਟੀ ਦੇ ਅਧਿਆਪਕ ਦੀ ਨੌਕਰੀ ਲੈਣ ਲਈ, ਪੜ੍ਹਾਈ ਦੇ ਹਰ ਸਤੱਰ ਤੇ ਅੱਛੇ ਨਤੀਜੇ ਹੋਣਾ ਵੀ ਜਰੂਰੀ ਹੈ। ਇਸ ਸਭ ਤੋਂ ਬਾਅਦ ਵੀ ਕੋਈ ਗਰੰਟੀ ਨਹੀਂ ਹੈ ਕਿ ਵਿਅਕਤੀ ਨੂੰ ਆਪਣੀਆਂ ਯੋਗਤਾਵਾਂ ਦੇ ਅਨੁਸਾਰ ਨੌਕਰੀ ਮਿਲੇਗੀ। ਅਧਿਆਪਕ ਬਣਨ ਲਈ ਏਨੀ ਜ਼ਿਆਦਾ ਉਚੱ-ਸਿੱਖਿਆ ਦੀ ਜਰੂਰਤ ਅਤੇ ਏਨੀ ਵੱਡੀ ਉਮਰ 'ਚ ਜਾਕੇ ਅਧਿਆਪਕ ਦੀ ਨੌਕਰੀ ਲੱਗਦੀ ਹੈ, ਲੇਕਿਨ ਅਧਿਆਪਕ ਨੂੰ ਮਿਲਣ ਵਾਲੀ ਤਨਖਾਹ, ਇਸਤੋਂ ਕਿਤੇ ਘੱਟ ਯੋਗਤਾ ਵਾਲੇ ਕਰਮਚਾਰੀਆਂ ਦੀ ਤਨਖਾਹ ਨਾਲੋਂ ਵੀ ਬਹੁਤ ਘੱਟ ਹੁੰਦੀ ਹੈ। ਅਜੇਹਾ ਅਸੁਭਾਵਿਕ ਨਹੀਂ ਹੈ ਕਿ ਯੂਨੀਵਰਸਿਟੀਆਂ ਵਿੱਚ ਕਈ ਦਹਾਕਿਆਂ ਤਕ ਪੜ੍ਹਾ ਚੁੱਕੇ ਅਧਿਆਪਕ ਪਾਉਂਦੇ ਹਨ ਕਿ ਜਿਨ੍ਹਾਂ ਵਿਦਿਆਰਥੀਆਂ ਨੂੰ ਉਹ ਕੱਲ੍ਹ ਤਕ ਪੜ੍ਹਾ ਰਹੇ ਸਨ, ਅੱਜ ਉਹ ਉਨ੍ਹਾਂ ਨਾਲੋਂ ਕਿਤੇ ਜ਼ਿਆਦਾ ਤਨਖਾਹ ਲੈ ਰਹੇ ਹਨ।

ਵੱਖ-ਵੱਖ ਸਰਕਾਰੀ ਕਮੇਟੀਆਂ ਵਿੱਚ ਇਸ ਗੱਲ ਤੇ ਦੁੱਖ ਪ੍ਰਗਟ ਕੀਤਾ ਗਿਆ ਹੈ ਕਿ ਅੱਜ ਹੋਣਹਾਰ ਅਤੇ ਕਾਬਿਲ ਨੌਜਵਾਨ ਅਧਿਆਪਕ ਦੀ ਨੌਕਰੀ ਨਹੀਂ ਕਰਨੀ ਚਾਹੁੰਦੇ। ਇਹ ਵੀ ਚਰਚਾ ਹੈ ਕਿ ਅਜੇਹਾ ਸਮਾਜ ਦੇ ਭਵਿਖ ਲਈ ਬਹੁਤ ਖਤਰਨਾਕ ਹੈ। ਦੇਸ਼ ਭਰ ਵਿੱਚ ਬਹੁਤ ਸਾਰੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ 'ਚ ਅਧਿਆਪਕਾਂ ਦੇ ਬਹੁਤ ਸਾਰੇ ਪਦ ਖਾਲੀ ਪਏ ਹਨ। ਅਪ੍ਰੈਲ-ਜੂਨ 2008 ਵਿੱਚ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਵਲੋਂ ਨਿਯੁਕਤ ਚੱਢਾ ਵੇਤਨ ਪੁਨਰ-ਸਮੀਖਿਆ ਕਮੇਟੀ ਦੇ ਸਰਵੇਖਣ ਅਨੁਸਾਰ: "ਯੂਨੀਵਰਸਿਟੀਆਂ ਵਿੱਚ 44.63 ਫੀਸਦੀ ਲੈਕਚਰਾਰ ਦੀਆਂ ਅਸਾਮੀਆਂ ਅਤੇ ਕਾਲਜਾਂ ਵਿੱਚ 41 ਫੀਸਦੀ ਲੈਕਚਰਾਰ ਦੀਆਂ ਅਸਾਮੀਆਂ ਖਾਲੀ ਪਈਆਂ ਹਨ"। ਖਾਲੀ ਅਸਾਮੀਆਂ ਦਾ ਇਹ ਇੱਕ ਬਹੁਤ ਉੱਚਾ ਪ੍ਰਤੀਸ਼ਤ ਹੈ। ਇਸਦਾ ਇੱਕ ਕਾਰਨ ਅਗਰ ਇਹ ਹੈ ਕਿ ਸਰਕਾਰ ਅਤੇ ਮੈਨਿਜਮੈਂਟਾਂ ਅਧਿਆਪਕਾਂ ਦੀਆਂ ਤਨਖਾਹਾਂ ਦੇਣ ਤੋਂ ਬਚਣ ਦੀ ਕੋਸ਼ਸ਼ ਕਰਦੇ ਹਨ, ਤਾਂ ਦੂਸਰਾ ਕਾਰਨ ਇਹ ਵੀ ਹੈ ਕਿ ਚੰਗੇ ਉਮੀਦਵਾਰ ਇਨ੍ਹਾਂ ਨੌਕਰੀਆਂ ਲਈ ਆਉਂਦੇ ਹੀ ਨਹੀਂ। ਇਸਦੀ ਵਜ੍ਹਾ ਨਾਲ ਕੁਝ ਹੋਰ ਸਮੱਸਿਆਵਾਂ ਵੀ ਪੈਦਾ ਹੁੰਦੀਆਂ ਹਨ। ਲੋੜੀਂਦੀ ਯੋਗਤਾ ਵਾਲੇ ਅਧਿਆਪਕਾਂ ਦੀ ਕਮੀ ਕਾਰਨ, ਮੌਜੂਦਾ ਅਧਿਅਪਕਾਂ ਉੱਤੇ ਕੰਮ ਦਾ ਬੋਝ ਵਧ ਗਿਆ ਹੈ। ਉਨ੍ਹਾਂ ਨੂੰ ਪੜ੍ਹਾਉਣ ਦੇ ਨਾਲ-ਨਾਲ ਇਮਤਿਹਾਨ ਚਲਾਉਣ ਦਾ ਕੰਮ ਵੀ ਕਰਨਾ


ਵਕਤ ਦੀ ਪੁਕਾਰ, ਜਾਣੀ ਕਿ ਹਿੰਦੋਸਤਾਨ ਦੇ ਨਵ-ਨਿਰਮਾਣ ਨੂੰ ਸਮਰਪਤ ਮੈਗਜ਼ੀਨ

ਗ਼ਦਰ ਜਾਰੀ ਹੈ

ਹਿੰਦੀ ਅਤੇ ਅੰਗਰੇਜ਼ੀ 'ਚ




ਸਹਾਇਤਾ ਰਾਸ਼ੀ - 25 ਰੁ: (35 ਰੁ: ਡਾਕ ਖਰਚ ਸਮੇਤ),ਵਿਦੇਸ਼ - 20 ਅਮਰੀਕੀ ਡਾਲਰ
ਸਲਾਨਾ(4ਅੰਕ) - 100 ਰੁ: (140 ਰੁ: ਡਾਕ ਖਰਚ ਸਮੇਤ) ਵਿਦੇਸ਼ -80 ਅਮਰੀਕੀ ਡਾਲਰ
ਹਯਾਤੀ ਸਹਾਇਤਾ -1000ਰੁ: ਜਾਂ ਅਧਿਕ, ਵਿਦੇਸ਼ - 200 ਅਮਰੀਕੀ ਡਾਲਰ ਜਾਂ ਅਧਿਕ
ਕਾਪੀਆਂ ਲਈ ਸੰਪਰਕ ਕਰੋ: ਲੋਕ ਅਵਾਜ਼ ਪਬਲਿਸ਼ਰਜ਼ ਐਂਡ ਡਿਸਟ੍ਰੀਬਿਊਟਰਜ਼,
ਈ-392 ਸੰਜੇ ਕਲੋਨੀ, ਓਖਲਾ ਫੇਜ਼ 2, ਨਵੀਂ ਦਿਲੀ 110020

ਪੈਂਦਾ ਹੈ, ਏਸ ਲਈ ਉਨ੍ਹਾਂ ਕੋਲ ਹੋਰ ਅਵੱਸ਼ਕ ਉੱਚ ਖੋਜ ਅਤੇ ਅਧਿਐਨ ਕਰਨ ਲਈ ਵਕਤ ਹੀ ਨਹੀਂ ਰਹਿੰਦਾ। ਇਹ ਵਾਧੂ ਬੋਝ ਅਕਸਰ ਨੌਜਵਾਨ ਲੈਕਚਰਾਰਾਂ ਉਤੇ ਲੱਦਿਆ ਜਾਂਦਾ ਹੈ। ਇਨ੍ਹਾਂ ਹਾਲਤਾਂ ਵਿੱਚ, ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਜਿਹੜੇ ਅਧਿਆਪਕ ਆਪਣੀ ਖੋਜ ਅਤੇ ਪ੍ਰਕਾਸ਼ਨ ਕਾਰਜਾਂ ਵਿੱਚ ਪਛੜ ਜਾਂਦੇ ਹਨ ਉਨ੍ਹਾਂ ਨੂੰ ਤਰ੍ਹਾਂ-ਤਰ੍ਹਾਂ ਦੀਆਂ ਸਜ਼ਾਵਾਂ ਦਿੱਤੀਆਂ ਜਾਂਦੀਆਂ ਹਨ ਅਤੇ ਤਰੱਕੀਆਂ ਰੋਕ ਦਿੱਤੀਆਂ ਜਾਂਦੀਆਂ ਹਨ। ਲੇਕਿਨ ਅਧਿਆਪਕਾਂ ਨੂੰ ਵਧੇਰੇ ਚੰਗਾ ਕੰਮ ਕਰਨ ਲਈ ਉਤਸ਼ਾਹਤ ਕਰਨ ਲਈ ਬਹੁਤ ਹੀ ਘੱਟ ਪੁਰਸਕਾਰ ਜਾਂ ਗਰਾਂਟਾਂ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਦੀਆਂ ਬੁਨਿਆਦੀ ਹਾਲਤਾਂ ਨੂੰ ਸੁਧਾਰਨ ਲਈ ਵੀ ਬਹੁਤ ਹੀ ਘੱਟ ਉਪਾਅ ਕੀਤੇ ਜਾਂਦੇ ਹਨ।

ਅਧਿਆਪਕਾਂ ਦੀ ਇੱਕ ਹੋਰ ਸਮੱਸਿਆ, ਕੰਮ ਕਰਨ ਦੀਆਂ ਚੰਗੀਆਂ ਸਹੂਲਤਾਂ ਦੀ ਘਾਟ ਹੈ। ਜਿਆਦਤਰ ਯੂਨੀਵਰਸਿਟੀਆਂ ਪ੍ਰਤੀ ਸਰਕਾਰ ਅਣਗਹਿਲੀ ਵਰਤਦੀ ਹੈ। ਵੱਡੇ ਸ਼ਹਿਰਾਂ ਦੀਆਂ ਵੱਡੀਆਂ ਯੂਨੀਵਰਸਿਟੀਆਂ ਵਿੱਚ ਵੀ ਹਾਲਤ ਕੋਈ ਬਹੁਤ ਵਧੀਆ ਨਹੀਂ ਹੈ। ਟੁੱਟੀਆਂ-ਭੱਜੀਆਂ ਇਮਾਰਤਾਂ, ਬਹੁਤ ਘੱਟ ਰੌਸ਼ਨੀ ਵਾਲੇ ਕਲਾਸਰੂਮ, ਸਮਾਨ ਦੀ ਥੁੜ੍ਹੋਂ ਵਾਲੀਆਂ ਪ੍ਰਯੋਗਸ਼ਾਲਾਵਾਂ, ਆਦਿ ਯੂਨੀਵਰਸਿਟੀਆਂ 'ਚ ਆਮ ਦੇਖੀਆਂ ਜਾ ਸਕਦੀਆਂ ਹਨ। ਕੁੱਝ ਸਾਲਾਂ ਤਕ ਇਸ ਘਟੀਆ ਵਾਤਾਵਰਣ ਵਿੱਚ ਕੰਮ ਕਰਨ ਤੋਂ ਬਾਅਦ, ਅਧਿਆਪਕਾਂ ਦੀ ਮਨੋਵ੍ਰਿਤੀ ਉੱਤੇ ਇਸਦਾ ਭੈੜਾ ਅਸਰ ਪੈਣ ਲੱਗਦਾ ਹੈ। ਇਹ ਵੀ ਮੰਨੀ ਹੋਈ ਗੱਲ ਹੈ ਕਿ ਦੁਨੀਆਂ-ਭਰ ਵਿੱਚ ਯੂਨੀਵਰਸਿਟੀ ਅਧਿਆਪਕਾਂ ਨੂੰ ਬਹੁਤ ਸਾਰਾ ਕੰਮ ਘਰੋਂ ਕਰਨਾ ਪੈਂਦਾ ਹੈ, ਕਿਉਂਕਿ ਲੈਕਚਰ ਦੀ ਤਿਆਰੀ, ਪ੍ਰੀਖਿਆ-ਪੱਤਰਾਂ ਦੀ ਜਾਂਚ ਆਦਿ ਦਾ ਕੰਮ ਕਲਾਸ ਵਿੱਚ ਪੜ੍ਹਾਉਣ ਦੇ ਨਾਲ ਖਤਮ ਨਹੀਂ ਹੋ ਸਕਦਾ। ਇਸ ਸਿਲਸਿਲੇ ਵਿੱਚ, ਨਾ-ਕਾਫੀ ਰਿਹਾਇਸ਼ ਸਹੂਲਤਾਂ ਯੂਨੀਵਰਸਿਟੀ ਅਧਿਆਪਕਾਂ ਦੀ ਇੱਕ ਵੱਡੀ ਸਮੱਸਿਆ ਹੈ। ਚੱਢਾ ਕਮੇਟੀ ਦੀ ਰਿਪੋਟ ਮੁਤਾਬਕ, ਲਗ-ਭਗ 65 ਫੀਸਦੀ ਸਰਕਾਰੀ ਕਾਲਜ, ਆਪਣੇ 20 ਫੀਸਦੀ ਤੋਂ ਵੀ ਘੱਟ ਅਧਿਆਪਕਾਂ ਨੂੰ ਰਹਾਇਸ਼ ਮੁਹੱਈਆ ਕਰਦੇ ਹਨ।

ਇਨ੍ਹਾਂ ਹਾਲਤਾਂ ਦਾ ਸਾਹਮਣਾ ਕਰਦਿਆਂ, ਹਿੰਦੋਸਤਾਨ ਦੇ ਯੂਨੀਵਰਸਿਟੀ ਅਤੇ ਕਾਲਜ ਅਧਿਆਪਕਾਂ ਦੀ ਇੱਕ-ਜੁੱਟ ਹੋਕੇ, ਬਿਹਤਰ ਹਾਲਤਾਂ ਲਈ ਸੰਘਰਸ਼ ਕਰਨ ਦੀ ਰਵਾਇਤ ਰਹੀ ਹੈ। ਉੱਚ-ਸਿੱਖਿਆ ਦਾ ਵਿਸਥਾਰ ਕਰਨ ਦੇ ਨਾਂ ਤੇ ਜੋ ਨਿੱਜੀ ਸੰਸਥਾਨ ਖੋਲ੍ਹੇ ਗਏ ਹਨ, ਉਨ੍ਹਾਂ 'ਚ ਕੰਮ ਕਰਨ ਵਾਲੇ ਅਧਿਆਪਕਾਂ ਨੂੰ ਆਪਣੇ ਅਧਿਕਾਰੀਆਂ ਦੇ ਖਿਲਾਫ ਸੰਘਰਸ਼ ਕਰਨ ਵਿੱਚ ਬਹੁਤ ਕਠਨਾਈ ਹੁੰਦੀ ਹੈ, ਕਿਉਂਕਿ ਉਨ੍ਹਾਂ ਨੂੰ ਕਿਸੇ ਵੀ ਵਕਤ ਨੌਕਰੀ ਤੋਂ ਕੱਢਿਆ ਜਾ ਸਕਦਾ ਹੈ। ਸਰਕਾਰੀ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਅਧਿਆਪਕਾਂ ਉੱਤੇ ਵੀ ਅੱਜ-ਕਲ੍ਹ ਕਾਫੀ ਦਬਾਅ ਪਾਇਆ ਜਾ ਰਿਹਾ ਹੈ। ਵੱਧ ਤੋਂ ਵੱਧ ਸੰਖਿਆ ਵਿੱਚ ਅਧਿਆਪਕਾਂ ਨੂੰ ਆਰਜ਼ੀ ਜਾਂ ਠੇਕੇ ਤੇ ਰੱਖਿਆ ਜਾਣ ਲੱਗਾ ਹੈ, ਜੋ ਉੱਚ-ਸਿੱਖਿਆ ਦੀ ਧਾਰਨਾ ਦੇ ਬਿਲਕੁੱਲ ਉਲਟ ਹੈ। ਇਹ ਸੁਭਾਵਕ ਹੈ ਕਿ ਆਰਜ਼ੀ ਜਾਂ ਠੇਕੇ ਤੇ ਰੱਖੇ ਅਧਿਆਪਕ ਇੱਕ-ਜੁੱਟ ਹੋਕੇ ਬਿਹਤਰ ਹਾਲਤਾਂ ਲਈ ਨਹੀਂ ਲੜ ਸਕਦੇ, ਕਿਉਂਕਿ ਉਨ੍ਹਾਂ ਦੀ ਨੌਕਰੀ ਸੁੱਰਖਿਅਤ ਨਹੀਂ ਹੈ। ਸਰਕਾਰ ਅਧਿਆਪਕਾਂ ਦੇ ਅਲੱਗ-ਅਲੱਗ ਵਰਗ ਬਣਾਕੇ ਅਤੇ ਹਰੇਕ ਵਰਗ ਉੱਤੇ ਅਲੱਗ ਨਿਯਮ ਲਾਗੂ ਕਰਕੇ, ਉਨ੍ਹਾਂ ਵਿਚਕਾਰ ਵੰਡੀਆਂ ਪਾਉਣ ਦੇ ਯਤਨ ਕਰ ਰਹੀ ਹੈ। ਅਧਿਆਪਕਾਂ ਵਿੱਚ ਇੱਕ ਛੋਟਾ ਜਿਹਾ ਵਿਸ਼ੇਸ਼-ਅਧਿਕਾਰ ਗੁੱਟ ਪੈਦਾ ਕੀਤਾ ਜਾਂਦਾ ਹੈਸ, ਜਿਹਨੂੰ ਖੁਦ ਨੂੰ ਬਾਕੀਆਂ ਨਾਲੋਂ ਉੱਪਰ ਸਮਝਣ ਲਈ ਪ੍ਰੇਰਿਆ ਜਾਂਦਾ ਹੈ, ਅਤੇ ਤਰ੍ਹਾਂ-ਤਰ੍ਹਾਂ ਦੀਆਂ ਸਹੂਲਤਾਂ ਅਤੇ ਉੱਨਤੀ ਦੇ ਮੌਕੇ ਪ੍ਰਦਾਨ ਕੀਤੇ ਜਾਂਦੇ ਹਨ, ਜੋ ਆਮ ਅਧਿਆਪਕਾਂ ਨੂੰ ਨਹੀਂ ਮਿਲਦੇ। ਅਧਿਆਪਕਾਂ ਦੀਆਂ ਕਈ ਯੂਨੀਅਨਾਂ, ਵੱਖ-ਵੱਖ ਰਾਜਸੀ ਪਾਰਟੀਆਂ ਨਾਲ ਸਬੰਧਤ ਹੋਣ ਦੇ ਅਧਾਰ ਤੇ ਆਪਸ-ਵਿੱਚ ਵੰਡੀਆਂ ਹੋਈਆਂ ਹਨ। ਇਸ ਨਾਲ ਅਧਿਆਪਕਾਂ ਦਾ ਇੱਕ ਜੁੱਟ ਸੰਘਰਸ਼ ਕਮਜ਼ੋਰ ਪੈਂਦਾ ਹੈ।

ਯੂਨੀਵਰਸਿਟੀਆਂ ਦੇ ਅਧਿਆਪਕਾਂ ਦੇ ਸਾਹਮਣੇ ਕਈ ਮੁਸ਼ਕਲਾਂ ਅਤੇ ਚੁਣੌਤੀਆਂ ਹਨ, ਜਿਨ੍ਹਾਂ ਤੇ ਕਾਬੂ ਪਾਉਣ ਲਈ ਉਨ੍ਹਾਂ ਨੂੰ ਆਪਣੀ ਏਕਤਾ ਬਣਾਈ ਰੱਖਣੀ ਚਾਹੀਦੀ ਹੈ ਅਤੇ ਸਮਝਣਾ ਚਾਹੀਦਾ ਹੈ ਉਨ੍ਹਾਂ ਦਾ ਸੰਘਰਸ਼ ਲੋਕਾਂ ਦੀ ਖੁਸ਼ਹਾਲੀ ਅਤੇ ਅਧਿਕਾਰਾਂ ਦਾ ਘਾਣ ਕਰਨ ਵਾਲੀ ਵਿਵਸਥਾ ਦੇ ਖਿਲਾਫ ਦੇਸ਼ ਦੇ ਸੱਭ ਲੋਕਾਂ ਦੇ ਸੰਘਰਸ਼ ਦਾ ਹੀ ਇੱਕ ਹਿੱਸਾ ਹੈ। ■


http://www.cgpi.org ਆਉਣ ਵਾਲੇ ਇਨਕਲਾਬੀ ਝੱਖੜਾਂ ਲਈ ਤਿਆਰੀ ਕਰੋ

ਮਜਦੂਰ ਏਕਤਾ ਲਹਿਰ

ਹਿੰਦੋਸਤਾਨ ਦੀ ਕਮਿਉਨਿਸਟ ਗ਼ਦਰ ਪਾਰਟੀ ਦੀ ਕੇਂਦਰੀ ਕਮੇਟੀ ਦਾ ਅਖ਼ਬਾਰ

ਜਿਲਦ 1, ਅੰਕ 1 | ਮਾਸਕ — ਮੁੱਲ 5 ਰੁ | ਅਕਤੂਬਰ 2009

कीमत 2 रुपया

http://www.cgpi.org आने वाले इंकलाबी तूफ़ानों के लिये तैयारी करें!

मजदूर एकता लहर

हिन्दोस्तान की कम्युनिस्ट ग़दर पार्टी की केन्द्रीय समिति का अखबार

ग्रंथ 23 - अंक 19 | अक्तूबर 1-15, 2009 | पाक्षिक अखबार

Price Rs. 5

http://www.cgpi.org Prepare for the Coming Revolutionary Storms

Mazdoor Ekta Lehar

Organ of the Central Committee of the Communist Ghadar Party of India

Volume 1 – Issue 1 | October 1-15, 2009 | Fortnightly

Title Code. DELPUN 00586/29/1/2009-TC
Under Process Registration with RNI
Form-B Declaration M/13/2009

# ਦੇਸ਼ ਦੀਆਂ ਹਵਾਈ ਕੰਪਨੀਆਂ ਦੇ ਕਰਮਚਾਰੀਆਂ ਵਲੋਂ ਇੱਕੋ ਸਾਂਝੀ ਟ੍ਰੇਡ ਯੂਨੀਅਨ ਬਨਾਉਣ ਦੇ ਯਤਨ

ਏਅਰ ਇੰਡੀਆ ਅਤੇ ਜੇਟ ਏਅਰਵੇਜ਼ ਦੀਆਂ ਕਰਮਚਾਰੀ ਯੂਨੀਅਨਾਂ ਨੇ, ਇਹ ਤਜ਼ਵੀਜ਼ ਰੱਖੀ ਹੈ ਕਿ ਦੇਸ਼ ਦੇ ਹਵਾਈ ਕੰਪਨੀਆਂ ਦੇ ਸਾਰੇ 50,00 ਕਰਮਚਾਰੀਆਂ ਦੀ ਇੱਕੋ ਯੂਨੀਅਨ ਬਣਾਈ ਜਾਵੇ। ਇਸ ਖੇਤਰ ਵਿੱਚ ਨੌਕਰੀਆਂ 'ਚ ਕਟੌਤੀ ਅਤੇ ਤਨਖਾਹਾਂ ਘਟਾਏ ਜਾਣ ਦਾ ਸਾਹਮਣਾ ਕਰ ਰਹੇ ਕਰਮਚਾਰੀਆਂ ਨੇ, ਬੜੇ ਜੋਸ਼ ਨਾਲ ਇਸ ਤਜ਼ਵੀਜ ਦਾ ਸੁਆਗਤ ਕੀਤਾ ਹੈ।

ਮੀਡੀਆ ਰਿਪ੍ਰੋਟਾਂ ਦੇ ਮੁਤਾਬਕ, ਜੇਟ ਏਅਰਵੇਜ਼ ਦੇ 650 ਤੋਂ ਵਧੇਰ ਜਹਾਜ਼ ਚਾਲਕਾਂ (ਪਾਇਲਟਾਂ) ਦੀ ਜਥੇਬੰਦੀ, ਨੈਸ਼ਨਲ ਏਵਿਏਟ੍ਰਸ ਗਿਲਡ ਦੇ ਪ੍ਰਧਾਨ, ਕੈਪਟਨ ਗਿਰਿਸ਼ ਕੌਸ਼ਿਕ ਨੇ ਕਿਹਾ ਹੈ ਕਿ "ਇਹਦੇ ਤੇ ਚਰਚਾ ਚੱਲ ਰਹੀ ਹੈ। ਅਸੀਂ ਦੂਸਰੀਆਂ ਏਅਰਲਾਈਨਜ਼ ਦੇ ਚਾਲਕਾਂ ਨਾਲ ਮਿਲਕੇ ਇੱਕ ਰਾਸ਼ਟਰੀ ਯੂਨੀਅਨ ਬਣਾਉਣ ਦੀ ਗੱਲ ਕਰਾਂਗੇ।... ਇਸ ਯੂਨੀਅਨ ਵਿੱਚ, ਅੱਗੇ ਜਾਕੇ ਇੰਜੀਨੀਅਰਾਂ, ਕੇਬਿਨ ਕਰਮੀਆਂ ਅਤੇ ਏਅਰਲਾਈਨਜ਼ ਦੇ ਬਾਕੀ ਕਰਮਚਾਰੀਆਂ ਨੂੰ ਵੀ ਸ਼ਾਮਲ ਕੀਤਾ ਜਾਵੇਗਾ।"

ਜੇਟ ਏਅਰਵੇਜ਼ ਅਤੇ ਏਅਰ ਇੰਡੀਆ ਦੇ ਕਰਮਚਾਰੀਆਂ ਨੇ ਪਿੱਛੇ ਜਿਹੇ ਜੋ ਹੜਤਾਲਾਂ ਕੀਤੀਆਂ, ਉਨ੍ਹਾਂ ਤੋਂ ਇਹ ਸਾਫ ਦਿਸਣ ਲੱਗਾ ਹੈ ਕਿ ਏਅਰਲਾਈਨਸ਼ ਦੇ ਕਰਮਚਾਰੀ, ਦੇਸ਼ ਦੇ ਸਰਮਾਏਦਾਰਾਂ ਨੂੰ ਆਪਣੀਆਂ ਮੰਗਾਂ ਵੱਲ ਧਿਆਨ ਦੇਣ ਲਈ ਮਜਬੂਰ ਕਰ ਸਕਦੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ, ਜੇਟ ਏਅਰਵੇਜ਼ 'ਚ ਸਤੰਬਰ ਦੇ ਪਹਿਲੇ ਹਫਤੇ ਹੋਈ, ਪੰਜ-ਦਿਨਾਂ ਹੜਤਾਨ ਦੇ ਕਾਰਨ 400 ਕ੍ਰੋੜ ਰੁਪਏ ਦਾ ਨੁਕਸਾਨ ਹੋਇਆ, ਜਦਕਿ ਸਤੰਬਰ ਦੇ ਆਖਰੀ ਦਿਨਾਂ 'ਚ ਏਅਰ ਇੰਡੀਆ ਅੰਦਰ ਚਾਰ-ਦਿਨਾਂ ਹੜਤਾਲ ਦੇ ਕਾਰਨ 100 ਕ੍ਰੋੜ ਰੁਪਏ ਦਾ ਨੁਕਸਾਨ ਹੋਇਆ ਸੀ।

ਏਅਰ ਇੰਡੀਆ ਕਰਮਚਾਰੀਆਂ ਦੀ ਯੂਨੀਅਨ, ਏਵਿਏਸ਼ਨ ਇੰਡਸਟ੍ਰੀ ਇਮਪਲਾਈਜ਼ ਗਿਲਡ, ਦੇ ਜਨਰਲ ਸਕੱਤਰ ਜਾਰਜ਼ ਅਬਰਾਹਮ ਨੇ ਕਿਹਾ ਹੈ: "ਇੱਕ ਉਦਯੋਗ, ਇੱਕ ਯੂਨੀਅਨ— ਏਹੋ ਸਾਡਾ ਇਰਾਦਾ ਹੈ। ਰਾਸ਼ਟਰੀ ਪੱਧਰ ਤੇ ਇੱਕ ਯੂਨੀਅਨ ਹੋਵੇਗੀ ਤਾਂ ਹਰੇਕ ਕਰਮਚਾਰੀ ਦੇ ਅਧਿਕਾਰਾਂ ਦੀ ਰੱਖਿਆ ਕੀਤੀ ਜਾ ਸਕਦੀ ਹੈ।"

ਮਜਦੂਰ ਏਕਤਾ ਲਹਿਰ, ਸਾਰੇ ਕਰਮਚਾਰੀਆਂ ਦੀ ਇੱਕੋ ਯੂਨੀਅਨ ਬਨਾਉਣ ਦੇ ਇਸ ਇਤਿਹਾਸਕ ਕਦਮ ਦੀ ਪ੍ਰਸੰਸਾ ਕਰਦੀ ਹੈ। ਇਸ ਯਤਨ ਵਿੱਚ, ਸੱਭ ਕਮਿਉਨਿਸਟਾਂ ਅਤੇ ਮਜਦੂਰ ਜਮਾਤ ਸੰਗਠਨਾਂ ਨੂੰ ਇਨ੍ਹਾਂ ਦੀ ਪੁਰਜ਼ੋਰ ਹਮਾਇਤ ਕਰਨੀ ਚਾਹੀਦੀ ਹੈ।■

# ਕੇਰਲ ਦੇ ਮਛਵਾਰਿਆਂ ਦਾ ਵਿਰੋਧ-ਮੁਜ਼ਾਹਰਾ

ਕੇਰਲ ਦੇ ਮਛਵਾਰਿਆਂ ਦੀ ਤਾਲਮੇਲ ਕਮੇਟੀ (ਕੇ.ਐਫ.ਸੀ.ਸੀ.) ਨੇ 11 ਨਵੰਬਰ 2009 ਨੂੰ ਪਾਰਲੀਮੈਂਟ ਸਾਹਮਣੇ ਮੁਜ਼ਾਹਰਾ ਕਰਨ ਦਾ ਸੱਦਾ ਦਿੱਤਾ ਹੈ। ਇਹ ਮੁਜ਼ਾਹਰਾ, ਪਿੱਛੇ ਜਿਹੇ ਹੋਏ ਆਸਿਆਨ-ਇੰਡੀਆ ਮੁਕਤ ਵਪਾਰ ਸਮਝੌਤੇ ਦੇ ਵਿਰੋਧ ਵਿੱਚ, "ਮੱਛੀ ਪਦਾਰਥਾਂ ਦੀ ਦਰਾਮਦ ਨਹੀਂ!" ਦੇ ਨਾਹਰੇ ਹੇਠ ਕੀਤਾ ਜਾ ਰਿਹਾ ਹੈ। ਕੇ.ਐਫ.ਸੀ.ਸੀ., ਕੇਰਲ ਸੂਬੇ ਦੀਆਂ ਮਛਵਾਰਾ ਟਰੇਡ ਯੂਨੀਅਨਾਂ ਦੀ ਇੱਕ ਜਥੇਬੰਦੀ ਹੈ।

ਵਰਣਯੋਗ ਹੈ ਕਿ 13 ਅਗਸਤ 2009 ਨੂੰ, ਹਿੰਦੋਸਤਾਨ ਅਤੇ ਆਸਿਆਨ (ਦਸ ਦੱਖਣ-ਪੂਰਬ ਏਸ਼ੀਆਈ ਦੇਸ਼ਾਂ ਦੇ ਸੰਗਠਨ) ਵਿਚਾਲੇ, ਇੱਕ ਮੁਕਤ ਵਪਾਰ ਸਮਝੌਤਾ ਕੀਤਾ ਗਿਆ ਸੀ। ਇਸ ਸਮਝੌਤੇ ਅਨੁਸਾਰ ਹਿੰਦੋਸਤਾਨ ਵਿੱਚ ਮੱਛੀ ਪਦਾਰਥਾਂ ਦੀ ਬੜੇ ਪੈਮਾਨੇ ਤੇ ਦਰਾਮਦ ਇਜਾਜ਼ਿਤ ਦਿੱਤੀ ਜਾਵੇਗੀ। ਇਸ ਸਮਝੌਤੇ ਦੇ ਲਾਗੂ ਹੋਣ ਨਾਲ ਮੱਛਲੀ ਪਦਾਰਥਾਂ ਦੀਆਂ ਕੀਮਤਾਂ ਗਿਰਨ ਦਾ ਡਰ ਹੈ ਜਿਸਦਾ ਕੇਰਲ ਦੇ ਮੱਛੀ ਉਦਯੋਗ ਨਾਲ ਸਬੰਧਤ ਕਰੀਬ 10 ਲੱਖ ਮਿਹਨਤਕਸ਼ ਲੋਕਾਂ ਦੀ ਆਮਦਨੀ ਉਤੇ ਬਹੁਤ ਬੁਰਾ ਅਸਰ ਪਵੇਗਾ। ਕੇਰਲ ਦੇ ਮਛਵਾਰੇ ਪਹਿਲਾਂ ਤੋਂ ਹੀ ਕਾਰੋਬਾਰ ਦੀਆਂ ਵਧਦੀਆਂ ਕੀਮਤਾਂ ਦੇ ਬੋਝ ਥੱਲੇ ਪਿਸ ਰਹੇ ਹਨ ਅਤੇ ਕੀਮਤਾਂ ਵਿੱਚ ਇੱਕ ਰੁਪਏ ਦੀ ਤਬਦੀਲੀ ਵੀ ਉਨ੍ਹਾਂ ਲਈ ਬਹੁਤ ਭਾਰੀ ਹੈ। ਕੇਰਲ ਵਿੱਚ, ਇਸ ਸਮਝੌਤੇ ਦੇ ਖਿਲਾਫ ਕਈ ਵਿਰੋਧ ਮੁਜ਼ਹਰੇ ਹੋ ਚੁੱਕੇ ਹਨ ਅਤੇ ਹੁਣ ਇਸ ਅੰਦੋਲਨ ਨੂੰ ਨਵੀਂ ਦਿੱਲੀ ਵਿੱਚ ਪਾਰਲੀਮੈਂਟ ਤਕ ਲੈਜਾਣ ਦਾ ਸੱਦਾ ਦਿੱਤਾ ਗਿਆ ਹੈ।

ਅਧਿਕਤਰ ਆਸਿਆਨ ਦੇਸ਼ਾਂ ਦੀਆਂ ਭੁਗੋਲਕ ਹਾਲਤਾਂ ਅਤੇ ਮੌਸਮ ਕੇਰਲ ਦੇ ਤਟ ਦੀ ਤਰ੍ਹਾਂ ਹੀ ਹਨ, ਅਤੇ ਉਨ੍ਹਾਂ 'ਚ ਵੀ ਉਹੀ ਮੱਛੀਆਂ ਫੜੀਆਂ ਜਾਂਦੀਆਂ ਹਨ ਜੋ ਕੇਰਲ ਵਿੱਚ ਫੜੀਆਂ ਜਾਂਦੀਆਂ ਹਨ। ਕਿਉਂਕਿ ਉਨ੍ਹਾਂ ਦੇਸ਼ਾਂ ਦਾ ਘਰੇਲੂ ਉਤਪਾਦਨ ਘਰੇਲੂ ਖਪਤ ਨਾਲੋਂ ਬਹੁਤ ਜ਼ਿਆਦਾ ਹੈ, ਏਸ ਲਈ ਉਹ ਆਪਣੇ ਮੱਛੀ ਪਦਾਰਥਾਂ ਨੂੰ ਕੇਰਲ 'ਚ ਵੇਚਣਾ ਚਾਹੁੰਦੇ ਹਨ। ਨਾਲੇ, ਇਸ ਸਮਝੌਤੇ 'ਚ ਮੱਛੀ ਪਦਾਰਥਾਂ ਦੀ ਗੁਣਵੱਤਾ ਉਤੇ ਕੰਟਰੋਲ ਦੇ ਉਪਾਵਾਂ ਨੂੰ ਬਹੁਤ ਲਚੀਲਾ ਕਰ ਦਿੱਤਾ ਗਿਆ ਹੈ, ਜਿਸ ਕਰਕੇ ਲੋਕਾਂ ਦੀ ਸਿਹਤ ਨੂੰ ਵੀ ਖਤਰਾ ਹੋ ਸਕਦਾ ਹੈ।

ਕੇ.ਐਫ.ਸੀ.ਸੀ. ਨੇ ਸੱਭ ਮਜਦੂਰ ਸੰਗਠਨਾਂ ਅਤੇ ਜਮਹੂਰ-ਪਸੰਦ ਤਾਕਤਾਂ ਨੂੰ ਇਸ ਸੰਘਰਸ਼ ਦੀ ਹਮਾਇਤ ਕਰਨ ਅਤੇ ਪਾਰਲੀਮੈਂਟ ਸਾਹਮਣੇ ਮੁਜ਼ਾਹਰੇ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ। ■

ਹਿੰਦੋਸਤਾਨ ਦੀ ਕਮਿਉਨਿਸਟ ਗ਼ਦਰ ਪਾਰਟੀ ਦੀ
ਕੇਂਦਰੀ ਕਮੇਟੀ ਦਾ ਅਖਬਾਰ

**ਮਜਦੂਰ ਏਕਤਾ ਲਹਿਰ**

(ਮਾਸਿਕ)

ਸਹਾਇਤਾ ਰਾਸ਼ੀ-5 ਰੁ: ਸਲਾਨਾ 100 ਰੁ:
ਮਨੀ ਆਡਰ ਭੇਜਣ ਲਈ ਪਤਾ:
ਚੰਦਰਭਾਨ, ਲੋਕ ਅਵਾਜ਼ ਪਬਲਿਸ਼ਰਜ਼ ਐਂਡ ਡਿਸਟ੍ਰੀਬਿਊਟਰਜ਼,
ਈ-392 ਸੰਜੇ ਕਲੋਨੀ, ਓਖਲਾ ਫੇਜ਼ 2, ਨਵੀਂ ਦਿਲੀ 110020

ਮਜਦੂਰ ਏਕਤਾ ਲਹਿਰ, ਲੋਕ ਅਵਾਜ਼ ਪਬਲਿਸ਼ਰਜ਼ ਐਂਡ ਡਿਸਟ੍ਰੀਬਊਟਰਜ਼, ਈ-392 ਸੰਜੇ ਕਾਲੋਨੀ, ਓਖਲਾ ਫੇਜ਼-2 ਨਵੀਂ ਦਿੱਲੀ 110020, ਦੇ ਲਈ ਮਾ ਪ੍ਰਿੰਟਰਜ਼, ਬੀ-24/2 ਓਖਲਾ ਫੇਜ਼-2, ਨਵੀਂ ਦਿੱਲੀ 110020 ਤੋਂ ਛਪਵਾਕੇ, ਮਧੁਸੂਦਨ ਕਸਤੂਰੀ ਨੇ ਪ੍ਰਕਾਸ਼ਤ ਕੀਤਾ।
ਸੰਪਾਦਕ: ਚੰਦਰਭਾਨ, ਫੋਨ-9868721375